Postal No.-- CHD/0111/2015-17
Regd No. 32212/78

# ਲੁਬਾਣਾ ਸੇਵਕ

ਫਰਵਰੀ 2017 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਮੁਬਾਰਕਾਂ ਮੁਬਾਰਕਾਂ



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

**ਸੰਪਾਦਕੀ...**

# ਚਲੀ ਪੀੜ੍ਹੀ ਸੋਢੀਆ ਰੂਪ ਦਿਖਾਵਨ ਵਾਰੋ ਵਾਰੀ



ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਹਰਿ ਰਾਇ ਜੀ ਨੂੰ 3 ਮਾਰਚ 1644 ਈ. ਨੂੰ ਜੋਤੀ-ਜੋਤ ਸਮਾਉਣ ਤੋਂ ਪਹਿਲਾਂ ਗੁਰਗੱਦੀ ਬਖ਼ਸ਼ੀ। ਗੁਰੂ ਹਰਿ ਰਾਇ ਸਾਹਿਬ ਜੀ ਦਾ ਜਨਮ 26 ਫਰਵਰੀ 1630 ਈ. ਨੂੰ ਮਾਤਾ ਨਿਹਾਲ ਕੌਰ ਜੀ ਦੀ ਕੁਖੋਂ ਹੋਇਆ ਸੀ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਸਨ। ਬਾਬਾ ਗੁਰਦਿੱਤਾ ਜੀ ਦੇ ਦੋ ਸਪੁੱਤਰ ਸਨ : ਬਾਬਾ ਧੀਰ ਮੱਲ ਜੀ ਅਤੇ ਗੁਰੂ ਹਰਿ ਰਾਇ ਸਾਹਿਬ ਜੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ : ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ ਅਤੇ ਗੁਰੂ ਤੇਗ਼ ਬਹਾਦਰ ਜੀ। ਇਨ੍ਹਾਂ ਵਿਚੋਂ ਬਾਬਾ ਗੁਰਦਿੱਤਾ ਜੀ, ਬਾਬਾ ਅਟੱਲ ਰਾਇ ਜੀ ਅਤੇ ਬਾਬਾ ਅਣੀ ਰਾਇ ਜੀ ਗੁਰੂ ਸਾਹਿਬ ਦੇ ਜੀਵਨ ਕਾਲ ਵਿਚ ਹੀ ਅਕਾਲ ਚਲਾਣਾ ਕਰ ਗਏ ਸਨ। ਤੇਗ਼ ਬਹਾਦਰ ਜੀ ਭਗਤੀ ਵਿਚ ਲੀਨ ਰਹਿੰਦੇ ਸਨ ਕਿਉਂਕਿ ਭਗਤੀ ਦੁਆਰਾ ਉਨ੍ਹਾਂ ਭਵਿੱਖ ਵਿਚ ਇਕ ਵੱਡੇ ਕਾਰਜ ਲਈ ਤਿਆਰ ਹੋਣਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਪਿਤਾ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਉਪਰੰਤ ਸਮੇਂ ਦੀ ਨਜ਼ਾਕਤ ਭਾਂਪਦੇ ਹੋਏ ਵੱਡੇ ਕਾਰਜ ਆਰੰਭੇ ਅਤੇ ਕੀਤੇ "**ਪੰਜ ਪਿਆਲੇ ਪੰਜ ਪੀਰ ਛਠਮੁ ਪੀਰ ਬੈਠਾ ਗੁਰ ਭਾਰੀ। ਅਰਜਨ ਕਾਇਆ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ। ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥ ਦਲ ਭੰਜਨ ਗੁਰ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।**" ਇਸ ਤਰ੍ਹਾਂ ਛੇਵੇਂ ਪਾਤਸ਼ਾਹ ਨੇ ਆਪਣੇ ਮੁੱਢਲੇ ਜੀਵਨ ਕਾਲ ਵਿਚ ਪ੍ਰਿਥੀ ਚੰਦ ਵੱਲੋਂ ਕਈ ਵਾਰ ਮਾਰਨ ਦੀਆਂ ਸਾਜ਼ਿਸ਼ਾਂ ਵਿਚੋਂ ਲੰਘਦੇ ਹੋਏ ਵਿੱਦਿਆ, ਨੇਜ਼ਾਬਾਜੀ ਤੇ ਬੰਦੂਕ ਆਦਿ ਸ਼ਸ਼ਤਰਾਂ ਨੂੰ ਚਲਾਉਣ ਵਿਚ ਨਿਪੁੰਨਤਾ ਹਾਸਲ ਕੀਤੀ। ਆਪ ਜੀ ਨੂੰ ਗੁਰਗੱਦੀ 25 ਮਈ 1606 ਈ. ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਵੱਲੋਂ ਬਖ਼ਸ਼ੀ ਅਤੇ ਬਾਬਾ ਬੁੱਢਾ ਜੀ ਨੇ ਦੋ ਤਲਵਾਰਾਂ ਇਕ ਮੀਰੀ ਅਤੇ ਦੂਜੀ ਪੀਰੀ ਦੀਆਂ ਪਹਿਨਾਈਆਂ। ਆਪ ਜੀ ਨੇ ਸਿੱਖਾਂ ਨੂੰ ਸ਼ਸ਼ਤਰ ਅਤੇ ਘੋੜੇ ਭੇਟਾ ਕਰਨ ਲਈ ਕਿਹਾ ਅਤੇ ਅੰਗ ਰੱਖਿਅਕ ਰੱਖ ਕੇ ਨੌਜਵਾਨਾਂ ਫੌਜ ਤਿਆਰ-ਬਰ-ਤਿਆਰ ਕੀਤੀ ਅਤੇ ਲੋਹਗੜ੍ਹ ਕਿਲ੍ਹੇ ਦੀ ਉਸਾਰੀ ਕਰਵਾਈ। ਆਪ ਜੀ ਨੇ 1609 ਈ. ਵਿਚ ਸ੍ਰੀ ਅਕਾਲ ਤਖ਼ਤ ਦੀ ਸਥਾਪਨਾ ਕੀਤੀ। 1611 ਈ. ਨੂੰ ਗੁਰੂ ਜੀ ਨੂੰ ਜਹਾਂਗੀਰ ਨੇ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ ਕੀਤਾ ਜਿੱਥੇ ਹੋਰ ਵੀ ਰਾਜੇ ਬੰਦੀ ਸਨ। ਲੇਕਿਨ ਸਿੱਖ ਸੰਗਤਾਂ ਦੀ ਬੇਚੈਨੀ ਕਰਕੇ 52 ਰਾਜਿਆਂ ਸਮੇਤ ਗੁਰੂ ਜੀ ਰਿਹਾ ਹੋ ਕੇ ਦੀਵਾਲੀ ਵਾਲੇ ਦਿਨ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ। ਇਸ ਉਪਰੰਤ ਜਹਾਂਗੀਰ ਨੇ ਸੁਲਾਹ ਕਰ ਲਈ ਅਤੇ 13 ਸਾਲ ਅਮਨ ਅਮਾਨ ਰਿਹਾ। ਸੰਨ 1627 ਈ. ਵਿਚ ਜਹਾਂਗੀਰ ਦੀ ਮੌਤ ਹੋ ਗਈ। ਉਸ ਤੋਂ ਬਾਅਦ 1629 ਈ. ਨੂੰ ਸ਼ਾਹੀ ਬਾਜ ਪਕੜਨ ਕਾਰਨ 7000 ਮੁਗ਼ਲ ਫੌਜ ਦਾ ਟਾਕਰਾ ਕਰਕੇ ਗ਼ੁਲਾਮ ਰਸੂਲ ਨੂੰ ਭਜਾ ਕੇ ਜਿੱਤ ਪ੍ਰਾਪਤ ਕੀਤੀ। ਉਪਰੰਤ ਮੁਖਲਿਸ ਖ਼ਾਨ ਨੇ ਜਦੋਂ ਫੌਜਾਂ ਨਾਲ ਚੜ੍ਹਾਈ ਕੀਤੀ ਤਾਂ ਗੁਰੂ ਜੀ ਨੇ ਮੁਖਲਿਸ ਖਾਨ ਦੇ ਪਹਿਲੇ ਤਿੰਨ ਵਾਰ ਅਜਾਈਂ ਕਰਕੇ ਆਪਣੇ ਇਕ ਹੀ ਵਾਰ ਨਾਲ ਉਸ ਨੂੰ ਖਤਮ ਕਰਕੇ ਜਿੱਤ ਪ੍ਰਾਪਤ ਕੀਤੀ। ਇਨ੍ਹਾਂ ਦੋਵਾਂ ਥਾਵਾਂ ਦਾ ਨਾਮ ਸੰਗਰਾਨਾ ਸਾਹਿਬ ਅਤੇ ਖ਼ਾਲਸਾ ਕਾਲਜ ਅੰਮ੍ਰਿਤਸਰ ਹੈ। ਇਸ ਤਰ੍ਹਾਂ ਆਪ ਜੀ ਨੇ ਦੂਜੀ ਜੰਗ ਹਰਿਗੋਬਿੰਦਪੁਰ ਵਿਖੇ, ਤੀਜੀ ਜੰਗ ਨਥਾਨਾ ਅਤੇ ਚੌਥੀ ਜੰਗ ਕਰਤਾਰਪੁਰ ਵਿਖੇ ਪੈਂਦੇ ਖਾਨ ਨੂੰ ਮਾਰ ਕੇ ਜਿੱਤੀ। ਆਪ ਜੀ 3 ਮਾਰਚ 1644 ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ-ਜੋਤ ਸਮਾ ਗਏ।

ਗੁਰੂ ਹਰਿ ਰਾਇ ਸਾਹਿਬ ਜੀ ਵੱਡਿਆਂ ਦੇ ਬਚਨਾਂ ਨੂੰ ਦ੍ਰਿੜ੍ਹਤਾ ਨਾਲ ਨਿਭਾਉਣ, ਆਪਣੇ ਸੇਵਕ ਦੇ ਮਨ ਦੀ ਜਾਨਣ ਵਾਲੇ ਮਤਲਬ **'ਗੋਬਿੰਦ ਭਾਓ ਭਗਤਿ ਕਾ ਭੂਖਾ'**, ਜਿਵੇਂ ਕਿ ਗੁਰੂ ਨਾਨਕ ਦੇਵ ਜੀ ਨੇ ਮਲਕ ਭਾਗੋ ਦਾ ਬ੍ਰਹਮ ਭੋਜ ਤਿਆਗ ਕੇ ਭਾਈ ਲਾਲੋ ਦੇ ਕੋਧਰੇ ਦੇ ਪ੍ਰਸ਼ਾਦੇ ਛੱਕੇ, ਪ੍ਰੇਮ ਵਸ ਧੰਨੇ ਜੱਟ ਦੀ ਲੱਸੀ ਪੀਤੀ ਅਤੇ ਭਗਤ ਨਾਮਦੇਵ ਦਾ ਦੁੱਧ ਗ੍ਰਹਿਣ ਕੀਤਾ। ਇਸੇ ਤਰ੍ਹਾਂ ਸ੍ਰੀ ਗੁਰੂ ਹਰਿ ਰਾਇ ਜੀ ਨੇ ਵੀ ਕੀਰਤਪੁਰੀ ਨਿਵਾਸੀ ਗਰੀਬ ਪਰ ਸ਼ਰਧਾਵਾਨ ਬਜ਼ੁਰਗ ਮਾਤਾ ਕੋਲੋਂ ਭੋਜਨ ਛੱਕਿਆ। "**ਸ੍ਰੀ ਨਾਨਕ ਤਜਿ ਉੱਤਮ ਲਾਤਿਨਿ ਜਾਇ ਬਸੇ ਲਾਲੋ ਘਰ ਮਾਂਹਿ॥**" ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਬਾਣੀ ਦਾ ਬਹੁਤ ਸਤਿਕਾਰ ਅਤੇ ਸ਼ਰਧਾ ਕਰਦੇ ਸਨ। ਜਦੋਂ ਵੀ ਸੰਗਤਾਂ ਸ਼ਬਦ ਕੀਰਤਨ ਕਰਦੀਆਂ ਆਉਂਦੀਆਂ ਤੇ ਸਤਿਗੁਰਾਂ ਦੇ ਆਵਾਜ਼ ਕੰਨੀਂ ਪੈਂਦੀ ਤਾਂ ਤੁਰੰਤ ਕਾਹਲੀ ਨਾਲ ਆਪਣੇ ਪਲੰਘ ਤੋਂ ਥੱਲੇ ਆਉਂਦੇ ਕਿਉਂਕਿ ਗੁਰੂ ਜੀ ਕਹਿੰਦੇ ਸਨ ਕਿ ਇਹ ਬਾਣੀ ਨਿਰੰਕਾਰ ਦੀ ਹੈ। ਪੰਜਾਬ ਵਿਚ ਕਾਲ ਸਮੇਂ ਆਪਣੇ ਦਾਦਾ, ਪੜਦਾਦਾ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਆਪਣੇ ਸ਼ਾਹੀ ਖਜ਼ਾਨੇ ਦੇ ਪੂਰੇ ਪ੍ਰਬੰਧ ਨਾ ਹੋਣ ਕਾਰਨ, ਦਿਲ ਖੋਲ੍ਹ ਕੇ ਮਾਇਆ ਅਤੇ ਪਦਾਰਥਾਂ ਰਾਹੀਂ ਸੇਵਾ ਸੰਭਾਲ ਕੀਤੀ। ਇਸ ਤਰ੍ਹਾਂ ਸ਼ਾਹਜਹਾਨ ਦਾ ਵੱਡਾ ਪੁੱਤਰ ਦਾਰਾ ਸ਼ਿਕੋਹ ਜੋ ਕਿ ਪੰਜਾਬ ਦਾ ਗਵਰਨਰ ਸੀ ਉਹ ਗੁਰੂ ਜੀ ਦਾ ਕਾਇਲ ਹੋ ਗਿਆ ਅਤੇ ਗੁਰੂ ਜੀ ਨੂੰ ਕਈ ਵਾਰ ਮਿਲਿਆ ਅਤੇ ਗੁਰੂ ਜੀ ਨੂੰ ਲੰਗਰ ਵਾਸਤੇ ਜਗੀਰ ਦੇਣ ਦੀ ਜਾਚਨਾ ਕੀਤੀ ਪ੍ਰੰਤੂ ਗੁਰੂ ਜੀ ਨੇ ਇਹ ਆਖ ਕੇ ਇਨਕਾਰ ਕਰ ਦਿੱਤਾ ਕਿ

ਲੰਗਰ ਸਿੱਖ ਸੰਗਤਾਂ ਦੇ ਪਿਆਰ ਕੁਰਬਾਨੀ ਰਾਹੀਂ ਹੀ ਚੱਲਣਾ ਚਾਹੀਦਾ ਹੈ। ਆਪ ਜੀ ਦਿਆਲੂ ਸਤਿਗੁਰ ਸਨ ਜਿਵੇਂ ਕਿ ਆਪ ਨੇ ਭਾਈ ਗਾਉਰਾ ਦੀ ਭੁੱਲ ਬਖ਼ਸ਼ੀ, ਭਾਈ ਜੀਉਣ ਜੀ ਨੂੰ ਪਰਉਪਕਾਰੀ ਬਣਾਇਆ ਅਤੇ ਸੇਧ ਦਿੱਤੀ ਕਿ ਅਕਾਲ ਪੁਰਖ ਦੇ ਹੁਕਮਾਂ ਵਿਚ ਰਹਿਣਾ ਹੈ ਅਤੇ ਪ੍ਰਾਣੀ ਆਪਣੇ ਕਰਮਾਂ ਅਨੁਸਾਰ ਜੀਵਨ ਭੋਗਦਾ ਹੈ। ਦੁੱਖ, ਸੁੱਖ, ਉਮਰ ਤਿੰਨਾਂ ਨੂੰ ਵਿਧਾਤਾ ਹੀ ਬਣਾਉਂਦਾ ਹੈ। ਪ੍ਰਭੂ ਦੀ ਮਰਯਾਦਾ ਅਟੱਲ ਹੈ। ਇਸ ਤਰ੍ਹਾਂ ਭਾਈ ਜੀਉਣਾ ਨੂੰ ਬ੍ਰਾਹਮਣ ਦੇ ਪੁੱਤਰ ਨੂੰ ਜੀਵਤ ਕਰਨ ਬਦਲੇ ਭਾਈ ਜੀਉਣ ਨੂੰ ਜਿੰਦ ਬਦਲੇ ਜਿੰਦ ਦੇਣੀ ਪਈ। ਆਪ ਜੀ ਨੇ ਮਰਾਜ ਗੋਤ ਦੇ ਕਿਸਾਨਾਂ ਦਾ ਵੱਸਣਾ ਕੀਤਾ ਜੋ ਕਿ ਕੌੜੇ ਗੋਤ ਦੇ ਮਾਲਵੇ ਦੇ ਕਿਸਾਨ ਤਕੜੇ ਅਤੇ ਮਾਲਕ ਸਨ। ਗੁਰੂ ਜੀ ਦੀ ਪ੍ਰੇਰਨਾ ਸਦਕਾ ਜੈਤ ਪਿਰਾਣਾ ਮਾਲਕਾਂ ਨਾਲ ਡੱਟ ਕੇ ਮੁਕਾਬਲਾ ਕੀਤਾ ਅਤੇ ਗੁਰੂ ਕ੍ਰਿਪਾ ਨਾਲ ਉਹ ਮੈਦਾਨ ਛੱਡ ਕੇ ਭੱਜ ਗਏ। ਫਿਰ ਇਨ੍ਹਾਂ ਨੇ ਮਹਿਰਾਜ ਨਗਰ ਦੀ ਉਸਾਰੀ ਕੀਤੀ। ਇਸੇ ਤਰ੍ਹਾਂ ਮਰਾਜ ਕੁਲ ਦਾ ਇਕ ਆਗੂ ਕਾਲਾ ਨਾਮ ਵਿਅਕਤੀ ਆਪਣੇ ਯਤੀਮ ਭਤੀਜੇ ਜਿਨ੍ਹਾਂ ਦਾ ਨਾਮ ਫੂਲ ਅਤੇ ਸੰਦਲੀ ਸਨ ਦੀ ਪਾਲਨਾ ਕਰ ਰਿਹਾ ਸੀ। ਉਹ ਗੁਰੂ ਹਰਿ ਰਾਇ ਸਾਹਿਬ ਦਾ ਸ਼ਰਧਾਵਾਨ ਸਿੱਖ ਸੀ। ਉਨ੍ਹਾਂ ਭੁੱਖੇ ਬੱਚਿਆਂ ਨੂੰ ਗੁਰੂ ਜੀ ਨੇ ਕਿਹਾ ਕਿ ਇਹ ਤਾਂ ਰਾਜਕੁਮਾਰ ਹਨ ਇਹ ਤਾਂ ਰਾਜ ਕਰਨਗੇ। ਇਨ੍ਹਾਂ ਦੇ ਘੋੜੇ ਯਮਨਾ ਨਦੀ ਵਿਚ ਪਾਣੀ ਪੀਆ ਕਰਨਗੇ। ਇਸੇ ਤਰ੍ਹਾਂ ਕਾਲੇ ਦੀ ਪਤਨੀ ਦੇ ਕਹਿਣ ਤੇ ਕਾਲੇ ਦੀ ਔਲਾਦ ਨੂੰ ਵਰ ਮਿਲਿਆ ਕਿ ਵਾਹਿਗੁਰੂ ਦੀ ਕ੍ਰਿਪਾ ਨਾਲ ਇਨ੍ਹਾਂ ਦੀ ਔਲਾਦ ਨੂੰ ਕਿਸੇ ਤਰ੍ਹਾਂ ਦੀ ਕੋਈ ਕਮੀ ਨਹੀਂ ਆਵੇਗੀ ਅਤੇ ਵੱਡੇ-ਵੱਡੇ ਜ਼ਿੰਮੀਦਾਰ ਹੋਣਗੇ। ਅੱਜ ਉਹੀ ਇਲਾਕੇ ਵਾਲੇ ਚੜ੍ਹਦੀ ਕਲਾ ਵਿਚ ਹਨ। ਗੁਰੂ ਜੀ ਨੇ ਕੀਰਤਪੁਰ ਸਾਹਿਬ ਵਿਖੇ ਉੱਤਮ ਦਰਜੇ ਦਾ ਸ਼ਾਹੀ ਦਵਾ ਭੰਡਾਰ ਉਪਲਬਧ ਕੀਤਾ ਜਿਸ ਨਾਲ ਬਹੁਤ ਲੋਕਾਂ ਨੂੰ ਆਰਾਮ ਮਿਲਦਾ ਸੀ ਅਤੇ ਦਾਰਾ ਸ਼ਿਕੋਹ ਵੀ ਇਥੋਂ ਦੁਰਲੱਭ ਦਵਾ ਨਾਲ ਠੀਕ ਹੋਇਆ ਸੀ। ਆਪ ਜੀ ਨੇ ਭਾਈ ਕਰਮ ਵੱਲੋਂ ਦਿਲੋਂ ਸ਼ਰਧਾਵਾਨ ਹੋਣ ਤੇ ਅੰਬ ਸਾਹਿਬ (ਮੋਹਾਲੀ) ਵਿਖੇ ਸੱਤਵੇਂ ਜਾਮੇਂ ਵਿਚ ਬੇਮੌਸਮੀ ਰੁੱਤੇ ਵੀ ਅੰਬ ਛੱਕੇ। ਆਪ ਜੀ ਨੇ ਬਾਬਾ ਰਾਮ ਰਾਇ ਜੀ ਨੂੰ ਗੁਰਬਾਣੀ ਨੂੰ ਔਰੰਗਜ਼ੇਬ ਦੇ ਦਰਬਾਰ ਵਿਚ "**ਮਿਟੀ ਮੁਸਲਮਾਨ ਕੀ ਪੇੜੇ ਪਈ ਕੁਮ੍ਹਿਆਰ**" ਨੂੰ "**ਮਿੱਟੀ ਬੇਈਮਾਨ ਕੀ ਉਚਾਰਿਆ**" ਜਿਸ ਕਾਰਨ ਗੁਰੂ ਜੀ ਨੇ ਉਹਨਾਂ ਨੂੰ ਮੱਥੇ ਨਾ ਲੱਗਣ ਦੀ ਹਦਾਇਤ ਕੀਤੀ ਅਤੇ ਗੁਰਤਾ ਗੱਦੀ ਸ੍ਰੀ ਗੁਰੂ ਕ੍ਰਿਸ਼ਨ ਸਾਹਿਬ ਜੀ ਨੂੰ ਬਖ਼ਸ਼ਿਸ਼ ਹੋਈ।

ਉਪਰੋਕਤ ਤੋਂ ਸਭ ਗੁਰੂ ਸਾਹਿਬਾਨਾਂ ਨੇ ਜੀਵਨ ਜਾਂਚ ਗੁਰ ਮਰਿਯਾਦਾ, ਜ਼ੁਲਮ ਦਾ ਟਾਕਰਾ ਕਰਨਾ, ਮਜ਼ਲੂਮਾਂ ਦੀ ਰੱਖਿਆ ਕਰਨਾ, ਬਾਣੀ ਤੇ ਬਾਣੇ ਦੀ ਰਹਿਤ, ਵੱਡਿਆਂ ਦਾ ਸਤਿਕਾਰ ਅਤੇ ਪੂਰਨਿਆਂ 'ਤੇ ਚੱਲਣ ਨੂੰ ਹੀ ਕਿਹਾ ਹੈ।

**ਗੁਰਚਰਨ ਸਿੰਘ**
**ਪ੍ਰਧਾਨ ਅਤੇ ਮੁੱਖ ਸੰਪਾਦਕ**
**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ**
**ਮੋ. 98140-17067**

# ਜ਼ਰੂਰੀ ਅਪੀਲ

**ਆਪ ਜੀ ਹੁਣ ਭਲੀ ਭਾਂਤੀ ਜਾਣਦੇ ਹੋ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਅਰਸਾ 2017 ਤੋਂ 2020 ਤੱਕ ਪ੍ਰਧਾਨ ਦੀ ਚੋਣ ਆਪ ਸਭ ਮੈਂਬਰਾਂ ਨੇ ਕਰਨੀ ਹੈ। ਪਹਿਲੇ ਗੇੜ ਵਿਚ ਕਿਸੇ ਯੋਗ ਵਿਅਕਤੀ ਦੀ ਅਗਰ ਸਰਬਸੰਮਤੀ ਜਾਂ ਨਿਰਵਿਰੋਧ ਚੋਣ 20-03-2017 ਤੱਕ ਹੋ ਜਾਂਦੀ ਹੈ ਤਾਂ ਸਾਰੇ ਮੈਂਬਰਾਂ ਅਤੇ ਬਿਰਾਦਰੀ ਲਈ ਮਾਣ ਵਾਲੀ ਗੱਲ ਹੋਵੇਗੀ। ਜੇ ਉਪਰੋਕਤ ਅਨੁਸਾਰ ਚੋਣ ਨਹੀਂ ਹੁੰਦੀ ਤਾਂ ਜਮਹੂਰੀ ਢਾਂਚੇ ਮੁਤਾਬਿਕ ਵੋਟਾਂ 31-03-2017 ਨੂੰ ਪੈਣਗੀਆਂ। ਆਪ ਸਭ ਮੈਂਬਰਾਂ ਨੂੰ ਤਹਿ ਦਿਲੋਂ ਅਪੀਲ ਹੈ ਕਿ ਚੋਣਾਂ ਦੀ ਪ੍ਰਕਿਰਿਆ ਨੂੰ ਸਹਜ, ਸ਼ਾਂਤਮਈ ਅਤੇ ਸਨਮਾਨਜਨਕ ਤਰੀਕੇ ਨਾਲ ਪੂਰਾ ਕਰਨ ਵਿਚ ਸਹਿਯੋਗ ਦਿਉ। ਇਸ ਵਿਚ ਹੀ ਫਾਊਂਡੇਸ਼ਨ ਅਤੇ ਲੁਬਾਣਾ ਬਿਰਾਦਰੀ ਦੀ ਬਿਹਤਰੀ ਹੈ।**

**ਧੰਨਵਾਦ ਸਹਿਤ**

**ਗੁਰਚਰਨ ਸਿੰਘ**
**ਪ੍ਰਧਾਨ**

# ਲੁਬਾਣਾ ਸੇਵਕ


**Chief Editor**
**S. Gurcharan Singh**
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)
H.No. 96-Sec-71, SAS Nagar
Tel.: 98881-34553

**Editor**
**S. Bhagwan Singh Lubana**
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Advisors**
S. Manjit Singh S.E. (Retd.) Jalandhar
Dr. Davinder Singh, Mukerian
Er. Harbir Singh Multani Jalandhar



**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-73473-85325

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਆਉਣ ਵਾਲੇ ਮਹੀਨੇ ਦੀ ਸੰਗਰਾਂਦ, ਮਿਤੀ ਅਤੇ ਦਿਨ**
ਮਾਰਚ - 14-3-2017 (ਮੰਗਲਵਾਰ)
ਅਪ੍ਰੈਲ - 13-4-2017 (ਵੀਰਵਾਰ)


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ


## ਤਤਕਰਾ


ਜਿਲਦ ਨੰ. 41 | ਅੰਕ - 60 | ਫਰਵਰੀ - 2017



1. ਸਿਮਰੋ ਸ੍ਰੀ ਹਰਿਰਾਇ... 5
2. ਸਾਕਾ ਸ੍ਰੀ ਨਨਕਾਣਾ ਸਾਹਿਬ 7
3. ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼ 9
4. ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫ਼ਲੇ 'ਤੇ ਕਹਿਰੀ ਹਮਲਾ 13
5. ਮਾਂ ਬੋਲੀ ਪੰਜਾਬੀ 15
6. ਕਹਾਣੀ (ਨੌਕਰ) 16
7. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ 18
8. ਸ਼ੋਕ ਸਮਾਚਾਰ 19
9. ਖੇਤਰੀ ਭਾਸ਼ਾਵਾਂ ਹੀ ਵਿਖਾ ਸਕਦੀਆਂ ਹਨ ਸੰਤੁਲਿਤ ਵਿਕਾਸ ਦਾ ਰਾਹ 21
10. ਸਮੇਂ ਦੀ ਪੁਕਾਰ 23
11. ਕਾਵਿ-ਕਿਆਰੀ 24
12. ਸਿਹਤ ਸੰਭਾਲ 25
13. की जाणा मैं कौण? 28
14. Condolence 29
14. Baba Makhan Shah Lobana Foundation (Regd.) Election Form 30-35
15. List Lobana Sewak Members & Life Members 36
16. ਦਾਨੀ ਸੱਜਣਾਂ ਦੀ ਸੂਚੀ 37



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਸਿਮਰੋ ਸ੍ਰੀ ਹਰਿਰਾਇ ...

ਡਾ. ਰੂਪ ਸਿੰਘ




ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ। ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ, ਬਾਬਾ ਗੁਰਦਿੱਤਾ, ਬਾਬਾ ਸੂਰਜ ਮੱਲ ਅਤੇ (ਗੁਰੂ) ਤੇਗ਼ ਬਹਾਦਰ ਜੀ। ਬਾਬਾ ਗੁਰਦਿੱਤਾ ਦੇ ਦੋ ਸਪੁੱਤਰ ਸਨ-ਬਾਬਾ ਧੀਰਮੱਲ ਅਤੇ (ਗੁਰੂ) ਹਰਿਰਾਇ ਜੀ। ਸੱਤਵੇਂ ਨਾਨਕ, ਸਾਹਿਬ ਸ੍ਰੀ (ਗੁਰੂ) ਹਰਿਰਾਇ ਸਾਹਿਬ ਦਾ ਪ੍ਰਕਾਸ਼ 20 ਮਾਘ ਸੰਮਤ 1686 (30 ਜਨਵਰੀ, 1630 ਈ:) ਨੂੰ ਕੀਰਤਪੁਰ ਸਾਹਿਬ ਵਿਖੇ ਬਾਬਾ ਗੁਰਦਿੱਤਾ ਦੇ ਘਰ ਮਾਤਾ ਨਿਹਾਲ ਕੌਰ ਦੇ ਉਦਰ ਤੋਂ ਹੋਇਆ। ਕੀਰਤਪੁਰ ਸਾਹਿਬ ਬਾਬਾ ਗੁਰਦਿੱਤਾ ਨੇ ਗੁਰੂ ਪਿਤਾ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਆਦੇਸ਼ ਅਨੁਸਾਰ ਵਸਾਇਆ ਸੀ। ਇਸ ਅਸਥਾਨ 'ਤੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਸਾਈਂ ਬੁੱਢਣ ਸ਼ਾਹ ਨੂੰ ਮਿਲੇ ਸਨ।

(ਗੁਰੂ) ਹਰਿਰਾਇ ਸਾਹਿਬ ਬਚਪਨ ਤੋਂ ਹੀ ਕੁਦਰਤ ਪ੍ਰੇਮੀ, ਸ਼ਾਂਤ ਸੁਭਾਅ, ਦਇਆ, ਕੋਮਲਤਾ ਆਦਿ ਸਦਗੁਣਾਂ ਦੇ ਧਾਰਨੀ ਸਨ। ਖਾਣ-ਪੀਣ, ਬੋਲਣ ਸਬੰਧੀ ਬਹੁਤ ਹੀ ਸੰਜਮੀ ਸਨ। ਆਪ ਦਾ ਬਚਪਨ ਗੁਰੂ ਪਿਤਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਹਜ਼ੂਰੀ ਵਿਚ ਬੀਤਿਆ। ਅਰੰਭਕ ਅਧਿਆਤਮਿਕ ਤੇ ਸੰਸਾਰਿਕ, ਸਰੀਰਿਕ ਸਿੱਖਿਆ ਅਤੇ ਸ਼ਸਤਰ ਵਿੱਦਿਆ ਵੀ ਆਪ ਨੇ ਗੁਰੂ ਪਿਤਾ ਦੀ ਦੇਖ-ਰੇਖ ਅਤੇ ਸੁਚੱਜੀ ਅਗਵਾਈ ਵਿਚ ਪ੍ਰਾਪਤ ਕੀਤੀ। ਆਪ ਜੀ ਸੁਭਾਅ ਦੇ ਨਰਮ, ਸਰੀਰ ਦੇ ਤਕੜੇ ਅਤੇ ਅਧਿਆਤਮਿਕ ਪੱਖੋਂ ਬਹੁਤ ਬਲਵਾਨ ਤੇ ਵਿਰਸੇ ਤੋਂ ਅਮੀਰ ਸਨ। ਆਪ ਜੀ ਦਾ ਵਿਆਹ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਨਾਲ 1640 ਈ: ਵਿਚ ਅਨੂਪ ਸ਼ਹਿਰ (ਯੂ.ਪੀ.) ਵਿਖੇ ਹੋਇਆ। ਆਪ ਦੇ ਦੋ ਸਪੁੱਤਰ ਸਨ ਬਾਬਾ ਰਾਮਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਜੀ।

ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਪੁੱਤਰ ਸਨ, ਜਿਨ੍ਹਾਂ 'ਚੋਂ ਬਾਬਾ ਅਟੱਲ ਰਾਇ, ਬਾਬਾ ਅਣੀ ਰਾਇ ਅਤੇ ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ-ਕਾਲ ਵਿਚ ਹੀ ਪ੍ਰਲੋਕ ਸਿਧਾਰ ਗਏ। ਬਾਬਾ ਸੂਰਜਮੱਲ ਨਿਰੋਲ ਸੰਸਾਰਿਕ ਬਿਰਤੀ ਅਤੇ (ਗੁਰੂ) ਤੇਗ ਬਹਾਦਰ ਜੀ ਬੀਰਤਾ, ਤਿਆਗ ਤੇ ਅਧਿਆਤਮਿਕ ਬਿਰਤੀ ਦੇ ਮਾਲਕ ਸਨ। ਬਾਬਾ ਗੁਰਦਿੱਤਾ ਦੇ ਵੱਡੇ ਸਪੁੱਤਰ ਬਾਬਾ ਧੀਰਮੱਲ ਵੀ ਗੁਰੂ-ਘਰ ਪ੍ਰਤੀ ਵਫ਼ਾਦਾਰ ਸਾਬਤ ਨਾ ਹੋਏ, ਕੇਵਲ (ਗੁਰੂ) ਹਰਿਰਾਇ ਸਾਹਿਬ ਜੀ ਹੀ ਗੁਰਗੱਦੀ ਦੇ ਯੋਗ ਵਾਰਿਸ ਸਾਬਤ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 3 ਮਾਰਚ, 1644 ਈ: ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤਿ ਸਮਾ ਗਏ। 8 ਮਾਰਚ, 1644 ਈ: ਨੂੰ ਗੁਰਿਆਈ ਦੀ ਰਸਮ ਅਦਾ ਕੀਤੀ ਗਈ। ਬਾਬਾ ਬੁੱਢਾ ਜੀ ਦੇ ਸਪੁੱਤਰ ਭਾਈ ਭਾਨਾ ਜੀ (ਜੋ ਉਸ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਗ੍ਰੰਥੀ ਸਨ) ਨੇ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਉਸ ਸਮੇਂ ਗੁਰੂ ਹਰਿਰਾਇ ਸਾਹਿਬ ਜੀ ਦੀ ਉਮਰ 14 ਸਾਲ ਦੀ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਤਿਮ ਆਦੇਸ਼ ਅਨੁਸਾਰ ਆਪ ਜੀ ਨੇ ਆਪਣੇ ਨਾਲ ਹਮੇਸ਼ਾ 2200 ਘੋੜਸਵਾਰ ਰੱਖੇ ਪਰ ਸਮੁੱਚਾ ਜੀਵਨ ਅਮਨ ਸ਼ਾਂਤੀ ਨਾਲ ਗੁਜ਼ਾਰਿਆ। ਗੁਰੂ ਹਰਿਰਾਇ ਸਾਹਿਬ ਨੇ ਸ਼ਿਕਾਰ ਖੇਡਣ ਦੀ ਜੰਗਜੂ ਪ੍ਰਵਿਰਤੀ ਨੂੰ ਜਾਰੀ ਰੱਖਿਆ। ਗੁਰੂ ਹਰਿਰਾਇ ਜੀ ਨੇ ਗੁਰੂ ਪਿਤਾ ਦੇ ਉਪਦੇਸ਼ ਨੂੰ ਜੀਵਨ ਭਰ ਨਿਭਾਇਆ। ਕੇਵਲ ਇਕ ਫੁੱਲ ਦੇ ਟੁੱਟਣ ਨਾਲ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਕਿਹਾ ਸੀ 'ਦਾਮਨ ਸੰਕੋਚ ਚੱਲੋ'। ਸਾਰਾ ਜੀਵਨ ਸਹਿਜ, ਸੰਜਮ ਤੇ ਸ਼ੀਤਲਤਾ ਨਾਲ ਗੁਜ਼ਾਰਿਆ। ਗੁਰੂ ਹਰਿਰਾਇ ਸਾਹਿਬ ਦੇ ਸਮੇਂ ਸਿੱਖ ਧਰਮ ਨੇ ਚੰਗੀ ਉੱਨਤੀ ਕੀਤੀ। ਗੁਰੂ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਕਈ ਮਹੱਤਵਪੂਰਨ ਕਦਮ ਪੁੱਟੇ ਅਤੇ ਲੋਕ ਭਲਾਈ ਦੇ ਕੰਮ ਕੀਤੇ। ਗੁਰੂ ਸਾਹਿਬ ਨੇ ਉਪਦੇਸ਼ ਦ੍ਰਿੜ੍ਹ ਕਰਵਾਇਆ ਕਿ ਸਾਨੂੰ ਗੁਰਬਾਣੀ ਪੜ੍ਹਨੀ ਤੇ ਸੁਣਨੀ ਚਾਹੀਦੀ ਹੈ। ਗੁਰਬਾਣੀ ਪੜ੍ਹਨ-ਸੁਣਨ ਵਾਲੇ 'ਤੇ ਅਸਰ ਕਰਦੀ ਹੀ ਕਰਦੀ ਹੈ, ਜਿਵੇਂ ਘਿਓ ਵਾਲੇ ਪਾਂਡੇ 'ਚੋਂ

ਥਿੰਦਿਆਈ ਟੁੱਟਣ 'ਤੇ ਵੀ ਨਹੀਂ ਜਾਂਦੀ, ਇਵੇਂ ਹੀ ਗੁਰਬਾਣੀ ਸਦੀਵੀ ਅਸਰ ਕਰਦੀ ਹੈ।



ਮਸੰਦਾਂ ਤੇ ਮੀਣਿਆਂ ਨੇ ਗੁਰੂ ਹਰਿਰਾਇ ਸਾਹਿਬ ਦਾ ਹਮੇਸ਼ਾ ਵਿਰੋਧ ਕੀਤਾ। ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਤੋਂ ਕੁਝ ਸਮਾਂ ਬਾਅਦ ਔੜ ਨਾਲ ਭਾਰੀ ਕਾਲ ਪੈ ਗਿਆ, ਜਿਸ ਕਾਰਨ ਲੁਕਾਈ ਤਰਾਹ-ਤਰਾਹ ਕਰ ਉੱਠੀ। ਲੋਕ ਰੋਟੀ ਤੋਂ ਆਤੁਰ ਹੋ ਗਏ। ਪੇਟ ਦੀ ਭੁੱਖ ਨੇ ਲੋਕਾਂ ਨੂੰ ਦਰ-ਦਰ ਦੇ ਧੱਕੇ ਖਾਣ ਲਈ ਮਜਬੂਰ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਗੁਰੂ-ਘਰ ਦੀ ਪ੍ਰੰਪਰਾ ਅਨੁਸਾਰ ਦੁਖੀਆਂ ਦੀ ਤਨ-ਮਨ-ਧਨ ਨਾਲ ਸੇਵਾ ਕੀਤੀ। ਇਥੋਂ ਤੱਕ ਕਿ ਪੰਜਾਬ ਤੋਂ ਬਾਹਰ ਵਸਦੇ ਗੁਰਸਿੱਖਾਂ, ਗੁਰੂ-ਘਰ ਦੇ ਪ੍ਰੀਤਵਾਨਾਂ ਨੂੰ ਵੀ ਪ੍ਰੇਰ ਕੇ ਦੁਖੀ ਮਾਨਵਤਾ ਦੀ ਸੇਵਾ ਕੀਤੀ ਤੇ ਕਰਵਾਈ। ਸਤਿਗੁਰੂ ਜੀ ਨੇ ਭੁੱਖਿਆਂ ਲਈ ਲੰਗਰ, ਬਿਮਾਰਾਂ ਲਈ ਸਫ਼ਾਖਾਨੇ ਖੋਲ੍ਹ ਦਿੱਤੇ। ਸਤਿਗੁਰੂ ਜੀ ਵੱਲੋਂ ਮਨੁੱਖ ਜਾਤੀ ਦੇ ਕਲਿਆਣਕਾਰੀ ਕਾਰਜਾਂ ਨੂੰ ਤੱਕ ਕੇ 'ਦਾਰਾ ਸ਼ਿਕੋਹ' ਬਹੁਤ ਪ੍ਰਭਾਵਿਤ ਹੋਇਆ ਅਤੇ ਗੁਰੂ ਕੇ ਲੰਗਰ ਵਾਸਤੇ ਜਾਗੀਰ ਦੇਣੀ ਚਾਹੀ ਪਰ ਗੁਰੂ ਜੀ ਨੇ ਇਹ ਕਹਿ ਕੇ ਇਨਕਾਰ ਕਰ ਦਿੱਤਾ ਕਿ ਬਾਦਸ਼ਾਹੀ ਜਾਗੀਰ ਨਾਲ ਗੁਰੂ ਕੇ ਅਸੀਮਤ ਲੰਗਰ ਭੰਡਾਰਾਂ ਨੂੰ ਸੀਮਤ ਨਹੀਂ ਕਰਨਾ ਚਾਹੁੰਦੇ।

ਗੁਰੂ ਹਰਿਰਾਇ ਸਾਹਿਬ ਜੀ ਦੀ ਮਹਿਮਾ ਸੁਣ 'ਸ਼ਾਹ-ਰੂਮੀ' ਜਦ ਹਿੰਦੁਸਤਾਨ ਦੀ ਸੈਰ ਕਰਨ ਆਇਆ ਤਾਂ ਗੁਰੂ ਦਰਸ਼ਨਾਂ ਲਈ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਗੁਰੂ ਦਰਬਾਰ ਵਿਚ ਹਮੇਸ਼ਾ ਵੱਡੇ-ਛੋਟੇ ਨਾਲ, ਬਿਨਾਂ ਕਿਸੇ ਜਾਤੀ ਜਾਂ ਖੇਤਰੀ ਵਿਤਕਰੇ ਦੇ, ਬਰਾਬਰ ਸਲੂਕ ਕੀਤਾ ਜਾਂਦਾ ਹੈ। ਗੁਰੂ-ਘਰ ਵਿਚ ਆਏ ਹਰ ਲੋੜਵੰਦ ਦੀ ਲੋੜ ਪੂਰੀ ਕੀਤੀ ਜਾਂਦੀ। ਬਿਮਾਰ ਆਵੇ ਤਾਂ ਦਵਾ-ਦਾਰੂ, ਭੁੱਖਾ-ਪਿਆਸਾ ਆਵੇ ਤਾਂ ਖਾਣ-ਪੀਣ ਲਈ ਪਦਾਰਥ, ਆਰਾਮ ਕਰਨ ਲਈ ਆਵੇ ਤਾਂ ਨਿਵਾਸ ਅਸਥਾਨ, ਮਾਨਸਿਕ ਤ੍ਰਿਪਤੀ ਲਈ ਆਵੇ ਤਾਂ ਨਾਮਦਾਰੂ ਅਤੇ ਸ਼ਰਨ ਆਉਣ ਵਾਲੇ ਨੂੰ ਸ਼ਰਨ ਦਿੱਤੀ ਜਾਂਦੀ।

ਗੁਰੂ ਜੀ ਨੇ ਕੀਰਤਪੁਰ ਦੀ ਧਰਤੀ 'ਤੇ ਇਲਾਜ ਵਾਸਤੇ ਵਰਤੀਆਂ ਜਾਂਦੀਆਂ ਜੜ੍ਹੀਆਂ ਬੂਟੀਆਂ ਦਾ ਬਾਗ ਲਗਵਾਇਆ ਤੇ ਇਕ ਖੋਜ ਕੇਂਦਰ ਸਥਾਪਿਤ ਕੀਤਾ। ਜੇਕਰ ਦਾਰਾ ਸ਼ਿਕੋਹ ਬਿਮਾਰ ਹੋਇਆ ਤਾਂ ਇਲਾਜ ਲਈ ਦਵਾਈਆਂ, ਜੜ੍ਹੀਆਂ-ਬੂਟੀਆਂ ਗੁਰੂ ਦਰਬਾਰ ਵੱਲੋਂ ਭੇਜੀਆਂ ਗਈਆਂ, ਜਿਸ ਨਾਲ ਉਸ ਦਾ ਅਸਾਧ ਰੋਗ ਠੀਕ ਹੋਇਆ। ਜੇਕਰ ਘਰੇਲੂ ਝਗੜੇ ਕਰਕੇ ਦਾਰਾ ਸ਼ਿਕੋਹ ਬਾਦਸ਼ਾਹ ਔਰੰਗਜ਼ੇਬ ਦੀ ਮਾਰ ਤੋਂ ਡਰਦਾ, ਗੁਰੂ ਦਰਬਾਰ ਵਿਚ ਪਹੁੰਚਾ ਤਾਂ ਉਸ ਨੂੰ ਦਰਿਆ ਬਿਆਸ ਪਾਰ ਕਰਵਾਇਆ ਗਿਆ।

ਬਾਦਸ਼ਾਹ ਸ਼ਾਹ ਜਹਾਨ ਦੇ ਆਖਰੀ ਦਿਨਾਂ ਵਿਚ ਪਰਿਵਾਰਕ ਫੁੱਟ ਚਰਮ ਸੀਮਾਂ 'ਤੇ ਪਹੁੰਚ ਚੁੱਕੀ ਸੀ। ਔਰੰਗਜ਼ੇਬ ਨੇ ਬਗ਼ਾਵਤ ਕਰਕੇ ਆਪਣੇ ਪਿਤਾ ਸ਼ਾਹ ਜਹਾਨ ਨੂੰ ਕੈਦ ਕਰ ਲਿਆ। ਦਾਰਾ ਸ਼ਿਕੋਹ ਵੀ ਔਰੰਗਜ਼ੇਬ ਦਾ ਮੁਕਾਬਲਾ ਨਾ ਕਰ ਸਕਿਆ ਅਤੇ ਜਾਨ ਬਚਾਉਣ ਲਈ ਦਿੱਲੀ ਤੋਂ ਦੌੜ ਗਿਆ। ਦਾਰਾ ਸ਼ਿਕੋਹ ਦਾ ਪਿੱਛਾ ਕਰਦਾ-ਕਰਦਾ ਬਾਦਸ਼ਾਹ ਔਰੰਗਜ਼ੇਬ ਵੀ ਲਾਹੌਰ ਪਹੁੰਚ ਗਿਆ ਪਰ ਦਾਰਾ ਸ਼ਿਕੋਹ ਉਥੋਂ ਵੀ ਅੱਗੇ ਦੌੜ ਗਿਆ। ਔਰੰਗਜ਼ੇਬ ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਸ਼ਿਕਾਇਤ ਕੀਤੀ ਕਿ ਗੁਰੂ ਹਰਿਰਾਇ ਸਾਹਿਬ ਜੀ ਨੇ ਦਾਰਾ ਸ਼ਿਕੋਹ ਦੀ ਮਦਦ ਕੀਤੀ ਹੈ, ਦੂਸਰਾ ਸਿੱਖਾਂ ਦੀ ਵਧ ਰਹੀ ਸ਼ਕਤੀ ਤੋਂ ਔਰੰਗਜ਼ੇਬ ਚਿੰਤਤ ਸੀ। ਇਸ ਲਈ ਬਾਦਸ਼ਾਹ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਆਉਣ ਦਾ ਸੱਦਾ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ, ਆਪਣੀ ਥਾਵੇਂ ਆਪਣੇ ਵੱਡੇ ਸਪੁੱਤਰ ਬਾਬਾ ਰਾਮਰਾਇ ਨੂੰ ਭੇਜਿਆ। ਜਾਣ ਤੋਂ ਪਹਿਲਾਂ ਗੁਰੂ ਜੀ ਨੇ ਉਸ ਨੂੰ ਹਦਾਇਤ ਕੀਤੀ ਕਿ ਗੁਰੂ ਆਸਰੇ ਰਹਿਣਾ ਅਤੇ ਗੁਰੂ ਆਸ਼ੇ ਵਿਰੁੱਧ ਕੋਈ ਗੱਲਬਾਤ ਨਹੀਂ ਕਰਨੀ। ਬਾਬਾ ਰਾਮਰਾਇ ਬਹੁਤ ਹੀ ਵਿਦਵਾਨ ਤੇ ਹਾਜ਼ਰ ਜਵਾਬ ਸਨ। ਦਿੱਲੀ ਜਾ ਕੇ ਉਨ੍ਹਾਂ ਬਾਦਸ਼ਾਹ ਔਰੰਗਜ਼ੇਬ ਦੇ ਹਰ ਸਵਾਲ ਦਾ ਜਵਾਬ ਤਸੱਲੀਬਖ਼ਸ਼ ਦਿੱਤਾ। ਬਾਦਸ਼ਾਹ ਬਹੁਤ ਪ੍ਰਭਾਵਿਤ ਹੋਇਆ, ਪਰ ਜਦ ਔਰੰਗਜ਼ੇਬ ਨੇ ਬਾਬਾ ਰਾਮਰਾਇ ਤੋਂ ਗੁਰਬਾਣੀ ਦੀ ਪਾਵਨ ਪੰਗਤੀ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ...' ਦੇ ਅਰਥ ਪੁੱਛੇ ਤਾਂ ਰਾਮਰਾਇ ਨੇ ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਕਿਹਾ ਕਿ ਸ਼ਬਦ 'ਮੁਸਲਮਾਨ' ਨਹੀਂ; 'ਬੇਈਮਾਨ' ਹੈ, ਪਰ ਕਾਤਿਬ ਦੀ ਗ਼ਲਤੀ ਨਾਲ ਮੁਸਲਮਾਨ ਲਿਖਿਆ ਗਿਆ। ਬਾਬਾ ਰਾਮਰਾਇ ਜੀ ਨੇ ਅਜਿਹਾ ਕਰਕੇ ਬਾਦਸ਼ਾਹ ਦੀ ਖ਼ੁਸ਼ੀ ਤਾਂ ਹਾਸਲ ਕਰ ਲਈ ਪਰ ਗੁਰੂ ਦਰਬਾਰ ਤੋਂ ਹਮੇਸ਼ਾ ਲਈ ਦੂਰ ਹੋ ਗਿਆ, ਕਿਉਂਕਿ ਜਦ ਗੁਰੂ ਹਰਿਰਾਇ ਸਾਹਿਬ ਜੀ ਨੂੰ ਇਸ ਵਾਰਤਾ ਦਾ ਪਤਾ ਲੱਗਾ ਤਾਂ ਉਨ੍ਹਾਂ ਕਹਿ ਭੇਜਿਆ ਕਿ 'ਤੁਸਾਂ ਸਾਡੇ ਮੱਥੇ ਨਹੀਂ ਲੱਗਣਾ, ਤੁਸਾਂ ਦੁਨਿਆਵੀ ਵਡਿਆਈ ਖਾਤਰ ਇਲਾਹੀ ਬਾਣੀ ਦਾ ਨਿਰਾਦਰ ਕੀਤਾ ਹੈ।'

ਆਪਣਾ ਅੰਤਿਮ ਸਮਾਂ ਨੇੜੇ ਆਇਆ ਜਾਣ ਕੇ ਗੁਰੂ ਜੀ ਨੇ ਗੁਰਿਆਈ ਆਪਣੇ ਛੋਟੇ ਸਾਹਿਬਜ਼ਾਦੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਦਿੱਤੀ। ਆਪ ਜੀ 6 ਅਕਤੂਬਰ, 1661 ਈ: ਨੂੰ ਕੀਰਤਪੁਰ ਹੀ ਜੋਤੀ ਜੋਤਿ ਸਮਾ ਗਏ। ਹਰ ਗੁਰਸਿੱਖ ਸਦਵਾਉਣ ਵਾਲਾ ਸਵੇਰੇ-ਸ਼ਾਮ, ਹਰ ਦੀਵਾਨ ਸਮੇਂ ਅਰਦਾਸ ਦੇ ਇਹ ਬੋਲ ਪੜ੍ਹ-ਸੁਣ ਕੇ 'ਸਿਮਰੌ ਸ੍ਰੀ ਹਰਿਰਾਇ', ਗੁਰੂ ਦੀ ਸ਼ਰਧਾ ਸਤਿਕਾਰ ਭੇਟ ਕਰਦਾ ਹੋਇਆ ਉਨ੍ਹਾਂ ਦੇ ਜੀਵਨ ਦਰਸ਼ਨ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ।

**ਮੋ : 98146-37979**

# ਸਾਕਾ ਸ੍ਰੀ ਨਨਕਾਣਾ ਸਾਹਿਬ

ਪਾਂਧੀ ਨਨਕਾਣਵੀ



ਸਾਕਾ ਸ੍ਰੀ ਨਨਕਾਣਾ ਸਾਹਿਬ ਫਰਵਰੀ, ੧੯੨੧ ਈ. ਨੂੰ ਗੁਰਦੁਆਰਾ ਜਨਮਅ ਸਥਾਨਅ ਂਦਰਵ ਾਪਰਿਆ। ਭਾਈ ਲਛਮਣ ਸਿੰਘ 'ਧਾਰੋਵਾਲੀ' ਕੋਈ ਦੋ ਕੁ ਸੌ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਅੰਦਰ ਪੁੱਜਿਆ। ਮਨਸ਼ਾ ਗੁਰਦੁਆਰਾ ਜਨਮ ਅਸਥਾਨ ਨੂੰ ਬਦਮਾਸ਼ ਤੇ ਅਯਾਸ਼ ਮਹੰਤ ਦੇ ਕਬਜ਼ੇ 'ਚੋਂ ਛੁਡਵਾਉਣ ਅਤੇ ਪਵਿੱਤਰਤਾ ਨੂੰ ਬਹਾਲ ਕਰਨਾ। ਪਰੰਤੂ ਮਹੰਤ ਨਰਾਇਣ ਦਾਸ ਨੇ ਮਿਸਟਰ ਕਰੀ, (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ ਲਾਹੌਰ ਡਿਵੀਜ਼ਨ) ਦੀ ਸ਼ਹਿ 'ਤੇ, ਜਨਮ-ਅਸਥਾਨ ਅੰਦਰ ਪੁੱਜੇ ਗੁਰਸਿੱਖਾਂ ਦਾ ਗੋਲੀਆਂ ਨਾਲ ਸਵਾਗਤ ਕੀਤਾ ਤੇ ਕੁਝ ਸਮੇਂ ਵਿਚ ਹੀ ਪਵਿੱਤਰ ਜਨਮ-ਅਸਥਾਨ ਦੀ ਧਰਤੀ ਨੂੰ ਕਰਬਲਾ ਦਾ ਮੈਦਾਨ ਬਣਾ ਕੇ ਰੱਖ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੀਨਾ ਵੀ ਗੋਲੀਆਂ ਨਾਲ ਛਲਣੀ-ਛਲਣੀ ਕੀਤਾ ਗਿਆ, ਅਤੇ ਜਥੇ ਦੇ ਜਥੇਦਾਰ, ਭਾਈ ਲਛਮਣ ਸਿੰਘ ਨੂੰ, ਦਰਬਾਰ ਸਾਹਿਬ ਦੇ ਪਿਛਵਾੜੇ ਜੰਡ ਦੇ ਦਰਖ਼ਤ ਨਾਲ ਟੰਗ ਕੇ, ਤੇ ਤੇਲ ਪਾ ਕੇ ਜਿਊਂਦਾ ਹੀ ਸਾੜ ਦਿੱਤਾ। ਮਹੰਤ ਨਰਾਇਣ ਦਾਸ ਦੇ ਜ਼ਰਖ਼ਰੀਦ ਬਦਮਾਸ਼ਾਂ ਤੇ ਪਠਾਣਾਂ ਨੇ ਨਿਹੱਥੇ ਅਤੇ 'ਅਰਦਾਸ' ਵਿਚ ਕੀਤੇ ਪ੍ਰਣ ਨਾਲ ਬੱਝੇ ਸੂਰਬੀਰ, ਤੇ ਨੌਜਵਾਨ ਸਿੰਘਾਂ ਦੇ ਜੀਅ-ਭਰ ਕੇ ਮੋਛੇ ਲਾਹੇ, ਤੇ ਵੱਡੇ ਵੱਡੇ ਭੱਠ ਬਾਲ ਕੇ, ਉਹਨਾਂ ਦੀਆਂ ਦੇਹਾਂ ਦੇ ਅੰਗਾਂ ਨੂੰ ਸਾੜ ਕੇ ਇਸ 'ਕਤਲੇ-ਆਮ ਦਾ ਨਾਮੋ ਨਿਸ਼ਾਨ ਮਿਟਾਉਣ ਦੇ ਅਸਫਲ ਯਤਨ ਕੀਤੇ।

ਸਮੁੱਚੇ ਦੇਸ਼, ਵਿਸ਼ੇਸ਼ ਕਰਕੇ ਸਿੱਖ ਜਗਤ ਵਿਚ ਹਾ-ਹਾ ਕਾਰ ਮੱਚ ਗੀ, ਤੇ ਕਈ ਹਜ਼ਾਰਾਂ ਸਿੱਖ ਸ੍ਰੀ ਨਨਕਾਣਾ ਸਾਹਿਬ ਪੁੱਜ ਗਏ। ਸਪੱਸ਼ਟ ਸੀ ਕਿ ਇਤਨਾ ਕਹਿਰ ਇਕੱਲਾ ਮਹੰਤ ਨਹੀਂ ਸੀ ਕਰ ਸਕਦਾ, ਇਸ ਵਿਚ ਅੰਗਰੇਜ਼ ਹਾਕਮਾਂ ਦੀ ਮਿਲੀ-ਭੁਗਤ ਕੰਮ ਕਰਦੀ ਸੀ। ਪਹਿਲਾਂ ਹਾਕਮਾਂ ਨੇ ਗੁਰਦੁਆਰਾ ਜਨਮ-ਅਸਥਾਨ ਫੌਜ ਦੇ ਹਵਾਲੇ ਕਰ ਦਿੱਤਾ। ਬਾਅਦ ਵਿਚ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਭਾਈ ਕਰਤਾਰ ਸਿੰਘ 'ਝੱਬਰ' ਦੇ ਲਲਕਾਰਨ ਉਪਰੰਤ ਸਿੱਖ-ਪੰਥ ਦੇ ਹਵਾਲੇ ਕਰ ਦਿੱਤੀਆਂ। ੨੦ ਫਰਵਰੀ ਦੀ ਰਾਤ ਨੂੰ ਹੀ ਸਿੱਖਾਂ ਵਰਗੀ ਸਿੱਧੜ ਕੌਮ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਆਪਣੇ ਚਹੇਤੇ ਮਹੰਤ, ਹਰੀ ਨਾਥ ਸਾਧ ਤੇ ੨੬ ਪਠਾਣਾਂ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਦੀ ਸੈਂਟਰਲ ਜੇਲ੍ਹ ਭਿਜਵਾ ਦਿੱਤਾ ਗਿਆ ਤਾਂ ਜੋ ਸਿੱਖ-ਹਿਰਦਿਆਂ ਨੂੰ ਸ਼ਾਂਤ ਕੀਤਾ ਜਾ ਸਕੇ। ਦੇਸ਼ ਭਰ ਦੇ ਪ੍ਰਮੁੱਖ ਹਿੰਦੂ ਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਨੇ ਇਕ ਆਵਾਜ਼ ਹੋ ਕੇ ਅੰਗਰੇਜ਼ ਰਾਜ ਦੇ ਬਖ਼ੀਏ ਉਧੇੜੇ ਅਤੇ ਮੰਗ ਕੀਤੀ ਕਿ ਮਹੰਤ ਨਰਾਇਣ ਦਾਸ ਅਤੇ ਉਸ ਦੇ ਜ਼ਰਖ਼ਰੀਦ ਗੁੰਡਿਆਂ ਤੋਂ ਇਲਾਵਾ, ਮਿ. ਕਰੀ (ਡੀ.ਸੀ.) ਅਤੇ ਮਿ. ਕਿੰਗ (ਕਮਿਸ਼ਨਰ) ਉੱਤੇ ਵੀ ਮੁਕੱਦਮਾ ਚਲਾਇਆ ਜਾਏ, ਜਿਨ੍ਹਾਂ ਦੀ ਉਤੇਜਨਾ ਉੱਤੇ ਇਤਨਾ ਵੱਡਾ 'ਸਾਕਾ' ਵਰਤਿਆ ਸੀ।

੩ ਮਾਰਚ, ੧੯੨੧ ਨੂੰ ਮਹਾਤਮਾ ਗਾਂਧੀ ਵੀ ਸ੍ਰੀ ਨਨਕਾਣਾ ਸਾਹਿਬ ਪਹੁੰਚੇ। ਉਹ ਰੇਲਵੇ ਸਟੇਸ਼ਨ ਤੋਂ ਪੈਦਲ ਹੀ ਸੰਗਤਾਂ ਨਾਲ ਗੁਰਦੁਆਰਾ ਜਨਮ-ਅਸਥਾਨ ਪਹੁੰਚੇ। ਗੁਰੂ ਬਾਬੇ ਦੇ ਪਵਿੱਤਰ ਦਰਬਾਰ ਅੱਗੇ ਸੀਸ ਝੁਕਾਇਆ ਅਤੇ ਫਿਰ ਸਮੁੱਚੀ ਪ੍ਰਕਰਮਾ ਦਾ ਜਾਇਜ਼ਾ ਲਿਆ। ਫਰਸ਼ 'ਤੇ ਖ਼ੂਨ ਦੇ ਨਿਸ਼ਾਨ 'ਜੰਡ' ਦਾ ਧੁਆਂਖਿਆ ਹੋਇਆ ਤਨਾ, ਦਰਬਾਰ ਸਾਹਿਬ ਦੇ ਟੁੱਟੇ ਫੁੱਟੇ ਕਿਵਾੜ। ਫਿਰ ਸਜੇ ਹੋਏ ਦੀਵਾਨ ਵਿਚ ਬੋਲਦਿਆਂ ਹੋਇਆਂ ਆਪ ਨੇ ਸਾਕੇ ਨੂੰ 'ਡਾਇਰਸ਼ਾਹੀ ਦੀ ਦੂਜੀ ਐਡੀਸ਼ਨ' ਕਰਾਰ ਦਿੱਤਾ। ਆਪ ਨੇ ਆਪਣੇ ਭਾਸ਼ਣ ਵਿਚ ਹਾਕਮਾਂ ਪਾਸੋਂ ਪੁੱਛ ਕੀਤੀ ਕਿ ਜਦੋਂ ਮਹੰਤ ਜੱਥੇ ਦੇ ਸਿੱਖਾਂ ਨੂੰ ਮਾਰ-ਮੁਕਾਉਣ ਦੀ ਇਤਨੀ ਵੱਡੀ ਤਿਆਰੀ ਕਰ ਰਿਹਾ ਸੀ, ਤਾਂ ਹਾਕਮਾਂ ਨੇ ਕਿਉਂ ਨਾ ਮਹੰਤ ਦੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ? ਆਪ ਨੇ ਸਪੱਸ਼ਟ ਕਿਹਾ ਕਿ ਇਤਨਾ ਵੱਡਾ ਕਰਮ ਇਕੱਲਾ ਮਹੰਤ ਨਹੀਂ ਸੀ ਵਰਤਾ ਸਕਦਾ। ਇਹ ਸਭ ਹਾਕਮਾਂ ਦੀ ਮਿਲੀ-ਭੁਗਤ ਦਾ ਨਤੀਜਾ ਸੀ। ਸਿੱਖ ਅਕਾਲੀ ਇਹ ਮੰਗ ਕਰਦ ਰਹੇ ਸਨ ਕਿ ਇਸ ਸੰਬੰਧ ਵਿਚ ਦੋ ਮੁਕੱਦਮੇ ਬਣਾਏ ਜਾਣ- ਇਕ ਮਹੰਤ ਅਤੇ ਉਸ ਦੇ ਕਰਿੰਦੇ ਕਾਤਲਾਂ ਦੇ ਬਰਖ਼ਿਲਾਫ, ਦੂਜਾ ਮਿ. ਕਰੀ ਅਤੇ ਮਿ. ਕਿੰਗ ਦੇ ਬਰਖ਼ਿਲਾਫ ਜਿਨ੍ਹਾਂ ਨੇ ਇਹ ਸਾਕਾ ਵਰਤਾਉਣ ਵਿਚ ਮਹੰਤ ਨਰਾਇਣ ਦਾਸ ਦੀ ਅੱਖਾਂ ਮੀਟ ਕੇ ਸਹਾਇਤਾ

ਕੀਤੀ ਸੀ। ਇਸ ਰੌਲੇ-ਗੌਲੇ ਵਿਚ ਮਿ. ਕਰੀ ਨੂੰ ਤਾਂ ਛੁੱਟੀ ਦੇ ਦਿੱਤੀ ਗਈ। ਪਰੰਤੂ ਮਿ. ਕਿੰਗ ਨੂੰ ਅਦਾਲਤ ਦੇ ਕਟਿਹੜੇ ਵਿਚ ਖੜ੍ਹਾ ਕਰਨ ਦੀ ਥਾਂ ਹਿੰਦ-ਸਰਕਾਰ ਵੱਲੋਂ, ਪੰਜਾਬ ਸਰਕਾਰ ਦਾ ਚੀਫ਼ ਸੈਕਟਰੀ ਨਿਯੁਕਤ ਕਰ ਦਿੱਤਾ ਗਿਆ, ਤਾਂ ਜੋ ਉਹ ਮਹੰਤ ਨਰਾਇਣ ਦਾਸ ਦੇ ਮੁਕੱਦਮੇ ਉੱਤੇ ਅਸਰ ਅੰਦਾਜ਼ ਹੋ ਸਕੇ। ਫਿਰ ਮਿ. ਕੰਗ ਨੇ ਉਹ ਸਮੁੱਚੀਆਂ ਲੂੰਬੜ -ਚਾਲਾਂ ਦਾ ਸਹਾਰਾ ਲਿਆ, ਜਿਸ ਰਾਹੀਂ ਮਹੰਤ ਨੂੰ ਫਾਂਸੀ ਦੇ ਫੰਧੇ ਤੋਂ ਬਚਾਇਆ ਜਾ ਸਕੇ। ਪੰਜਾਬ ਸਰਕਾਰ ਨੇ ਮਿ. ਡੇਵਿਡ ਪੈਟਰੀ, ਡੀ.ਆਈ.ਜੀ. (ਜਸੂਸੀ ਵਿਭਾਗ) ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਇਹ ਉਹੀ ਬਦਨਾਮ ਉੱਚ ਅਧਿਕਾਰੀ ਸੀ ਜਿਸ ਨੇ ਬਜ-ਬਜ ਘਾਟ, ਕਲਕੱਤੇ ਦੇ 'ਕਾਮਾ-ਗਾਟਾ ਮਾਰੂ ਜਹਾਜ਼ ਦੇ ਨਿਹੱਥੇ ਮੁਸਾਫਿਰਾਂ 'ਤੇ ਗੋਲੀ ਚਲਾਉਣ ਵਿਚ ਸਹਾਇਤਾ ਕੀਤੀ ਸੀ ਅਤੇ ੧੯੧੫ ਦੇ ਪਹਿਲੇ ਕ੍ਰਾਂਤੀਕਾਰੀ ਅੰਦੋਲਨ ਨੂੰ ਕੁਚਲਣ ਵਿਚ ਹਿੰਦ-ਸਰਕਾਰ ਦਾ ਸਹਾਇਕ ਬਣਿਆ। ਅਕਾਲੀਆਂ ਦੀਆਂ ਗ੍ਰਿਫ਼ਤਾਰੀਆਂ ਦਾ ਇਕ ਨਵਾਂ ਦੌਰ ਚਲਾ ਦਿੱਤਾ ਤਾਂ ਜੋ ਮੌਕੇ ਦੇ ਗਵਾਹਾਂ ਦੇ ਬਿਆਨਾਂ ਨੂੰ ਆਪਣੇ ਹੱਕ ਵਿਚ ਕੀਤਾ ਜਾ ਸਕੇ, ਅਤੇ ਸਾਕੇ ਪਿੱਛੋਂ ਜੋ ਅਕਾਲੀਆਂ ਦੀ ਚੜ੍ਹ ਮੱਚੀ ਸੀ, ਉਸ ਤਾਕਤ ਨੂੰ ਤੋੜਿਆ ਜਾ ਸਕੇ। ਸਾਕੇ ਦੇ ਪੰਦਰਾਂ ਕੁ ਦਿਨਾਂ ਪਿੱਛੋਂ ਹੀ (੧੫ ਮਾਰਚ) ਅਕਾਲੀਆਂ ਨੂੰ ਇਹ ਇਨਸਾਫ ਦਿੱਤਾ ਗਿਆ ਕਿ ਉਲਟਾ ਉਹਨਾਂ ਦੇ ਹੀ ਆਗੂਆਂ ਨੂੰ ਫੜ ਫੜ ਕੇ ਜੇਹਲੀਂ ਸੁੱਟ ਦਿੱਤਾ ਗਿਆ। ਕੋਈ ੧੦੦ ਦੇ ਕਰੀਬ ਪ੍ਰਸਿੱਧ ਅਕਾਲੀ ਗ੍ਰਿਫ਼ਤਾਰ ਕਰ ਲਏ ਗਏ।

ਭਾਈ ਕਰਤਾਰ ਸਿੰਘ 'ਝੱਬਰ' ਨੂੰ ਸ੍ਰੀ ਨਨਕਾਣਾ ਸਾਹਿਬ ਤੇ ਗੁਰਦੁਆਰਾ 'ਕਿਆਰਾ ਸਾਹਿਬ' ਤੋਂ ਸਣੇ ਉਨ੍ਹਾਂ ਦੇ ਜੱਥੇ ਦੇ, ਗ੍ਰਿਫ਼ਤਾਰ ਕਰ ਲਿਆ ਗਿਆ। ਲਾਹੌਰ ਵਿਚ, ਸਪੈਸ਼ਲ ਤੇ ਐਡੀਸ਼ਨਲ ਜੱਜ, ਮਿ. ਜੇ. ਈ. ਕਿਊ ਦੀ ਅਦਾਲਤ ਵਿਚ ਫੜੇ ਗਏ ਅਕਾਲੀਆਂ ਵਿਰੁੱਧ ਡਾਕੇ ਮਾਰਨ, ਘਰ ਭੰਨਣ ਆਦਿ ਝੂਠੇ ਮੁਕੱਦਮੇ ਚਲਾਏ ਗਏ ਅਤੇ ਜਿਤਨੀ ਸਜ਼ਾ ਇਹ ਅਦਾਲਤ ਦੇ ਸਕਦੀ ਸੀ, ਦਿੱਤੀ। ਮਿਸਾਲ ਦੇ ਤੌਰ 'ਤੇ ਜਥੇਦਾਰ ਤੇਜਾ ਸਿੰਘ ਭੁੱਚਰ ਨੂੰ ੯ ਸਾਲ ਕੈਦ ਲਾਹੌਰ ਸਿੰਘ ਨੂੰ ੯ ਸਾਲ ਤੇ ਭਾਈ ਕਰਤਾਰ ਸਿੰਘ 'ਝੱਬਰ' ਨੂੰ ੧੯ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾਵਾਂ ਸੁਣ ਕੇ ਫਿਰ ਸਮੁੱਚੇ ਪੰਥ ਵਿਚ ਹਾ-ਹਾ ਕਾਰ ਮੱਚ ਗਈ। ਪਰੰਤੂ ਕੁਝ ਸਮੇਂ ਪਿੱਛੋਂ ਹੀ ਭਾਈ ਕਰਤਾਰ ਸਿੰਘ 'ਝੱਬਰ' ਆਦਿ ਆਗੂ ਸਰਕਾਰ ਦੀਆਂ ਸ਼ਰਤਾਂ 'ਤੇ ਰਿਹਾਅ ਹੋ ਕੇ ਆ ਗਏ।

ਅਕਾਲੀ ਤਹਿਰੀਕ ਦੀ ਰੀੜ੍ਹ ਦੀ ਹੱਡੀ ਤੋੜਨ ਲਈ ਪੰਜਾਬ ਸਰਕਾਰ ਨੇ ਹਰ ਹੀਲਾ ਵਰਤਿਆ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨਾਂ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ ਵਿਰੁੱਧ, ਆਪਣੀਆਂ ਪ੍ਰਾਪੇਗੰਡਾ ਏਜੰਸੀਆਂ ਰਾਹੀਂ ਭੜਕਾਉਣਾ ਚਾਹਿਆ, ਤਾਂ ਜੋ ਇਹ ਕੌਮਾਂ ਆਪਸ ਵਿਚ ਲੜ ਮਰਨ ਅਤੇ ਇਉਂ ਅਕਾਲੀ ਲਹਿਰ ਦੀ ਪਵਿੱਤਰਤਾ ਨੂੰ ਦਾਗ਼ਦਾਰ ਕੀਤਾ ਜਾ ਸਕੇ। ਪਰੰਤੂ, ਸ਼੍ਰੋ. ਕਮੇਟੀ ਦੇ ਪ੍ਰਾਪੇਗੰਡਾ ਕਮੇਟੀ ਦੇ ਇੰਚਾਰਜ ਤੇ ਪ੍ਰਸਿੱਧ ਨੀਤੀਵਾਨ, ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ ਸਰਕਾਰ ਦੇ ਇਸ ਨਵੇਂ ਪੈਂਤੜੇ ਨੂੰ ਨਾ-ਕਾਮ ਬਣਾ ਕੇ ਰੱਖ ਦਿੱਤਾ। ਉਹਨਾਂ ਨੇ ਹਿੰਦੂਆਂ ਅਤੇ ਮੁਸਲਮਾਨ ਆਗੂਆਂ ਅਤੇ ਅਖ਼ਬਾਰਾਂ ਦੇ ਐਡੀਟਰਾਂ ਨੂੰ ਖ਼ੁਦ ਸ੍ਰੀ ਨਨਕਾਣਾ ਸਾਹਿਬ ਜਾ ਕੇ ਪੁੱਛ-ਪੜਤਾਲ ਕਰਨ ਦਾ ਸੱਦਾ ਦਿੱਤਾ। ਇੰਝ ਪੁੱਛ-ਪੜਤਾਲ ਪਿੱਛੋਂ, ਸੱਯਦ ਹਬੀਬ, ਐਡੀਟਰ 'ਸਿਆਸਤ' ਨੇ ਕਿਹਾ - ਅਕਾਲੀ ਜੱਥਿਆਂ ਦੇ ਮੈਂਬਰ ਪਾਕ ਆਦਮੀ ਹਨ। ਉਹਨਾਂ ਦੀ ਪਿਛਲੀ ਜ਼ਿੰਦਗੀ ਕੁਝ ਵੀ ਹੋਏ, ਉਹ ਹੁਣ ਧਾਰਮਿਕ ਜਜ਼ਬੇ ਤੋਂ ਪੈਦਾ ਹੋਏ ਜੋਸ਼ ਨਾਲ ਉਤਸ਼ਾਹਤ ਹਨ।

੧੧ ਮਾਰਚ ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਹਿੰਦੂਆਂ ਦੀ ਇਕ ਸਾਂਝੀ ਮੀਟਿੰਗ ਨੇ ਮਤਾ ਪਾਸ ਕੀਤਾ -''ਜਿਸ ਵਕਤ ਤੋਂ ਨਨਕਾਣੇ ਵਿਚ ਸਿੱਖ ਆਏ ਹਨ, ਉਹਨਾਂ ਦਾ ਹਿੰਦੂਆਂ, ਮੁਸਲਮਾਨਾਂ ਨਾਲ ਸਲੂਕ ਹਮਦਰਦੀ ਭਰਿਆ ਤੇ ਸ਼ਲਾਘਾ-ਯੋਗ ਹੈ। ਉਹ ਦੂਜਿਆਂ ਦੇ ਧਰਮਾਂ ਚਿ ਕੋਈ ਦਖ਼ਲ ਨਹੀਂ ਦੇਂਦੇ। ਅਸੀਂ ਦੁਸ਼ਮਣ ਵੱਲੋਂ ਫੈਲਾਈਆਂ ਕੂੜੀਆਂ ਅਫਵਾਹਾਂ ਦੀ ਪੁਰਜ਼ੋਰ ਤਰਦੀਦ ਕਰਦੇ ਹਾਂ।''

ਅਤੇ ਹੰਸ ਰਾਜ (ਬੈਰਿਸਟਰ, ਜਲੰਧਰ) ਨੇ ਕਿਹਾ ਕਿ ਅਸੀਂ ਉਸ ਬੰਧੇਜ ਤੇ ਸ਼ਾਂਤੀ ਦੀ ਜਿਹੜੀ ਖ਼ਾਲਸੇ ਨੇ ਦਿਖਾਈ, ਤਾਰੀਫ ਕਰਨ ਲਈ ਮਜ਼ਬੂਰ ਹੋਏ ਆਂ।

ਪਰੰਤੂ ਇਸ ਮੁੱਦੇ 'ਤੇ ਅੰਗਰੇਜ਼ ਹਾਕਮਾਂ ਨੂੰ ਮੂੰਹ ਦੀ ਖਾਣੀ ਪਈ। ਸ਼੍ਰੋਮਣੀ ਕਮੇਟੀ ਵਿਚ ਸ੍ਰ. ਸਰਦੂਲ ਸਿੰਘ 'ਕਵੀਸ਼ਰ' ਨੇ ਅੰਗਰੇਜ਼ੀ ਸਰਕਾਰ ਨਾਲ ਨਾ ਮਿਲਵਰਤਣ ਦਾ ਮਤਾ, ੧੧ ਮਈ, ੧੯੨੧ ਨੂੰ ਪੇਸ਼ ਕੀਤਾ, ਜਿਸ 'ਤੇ ਚੀਫ ਖਾਲਸਾ ਦੀਵਾਨ ਨਾਲ ਸੰਬੰਧਿਤ ਕਮੇਟੀ ਦੇ ਪ੍ਰਧਾਨ. ਸ੍ਰ. ਹਰਬੰਸ ਸਿੰਘ 'ਅਟਾਰੀ' ਅਤੇ ਪ੍ਰੋ. ਜੋਧ ਸਿੰਘ ਆਦਿ ਅਸਤੀਫੇ ਦੇ ਗਏ ਅਤੇ ਮਤਾ ਪਾਸ ਹੋ ਗਿਆ। ਇਹ ਲੋਕ ਅੰਗਰੇਜ਼ ਹਾਕਮਾਂ ਨਾਲ ਵਿਗਾੜ ਪੈਦਾ ਕਰਨ ਦੇ ਹੱਕ ਵਿਚ ਨਹੀਂਸ ਨਅ ਤੇਹ 'ਕਮਾਂਨ 'ਲਾਂ ਮਲਵਰਤਨਕ ਰਕੇ ਿ ਸੱਖਕ ੌਮਲ ਈ ਰਿਆਇਤਾਂ ਲੈਣੀਆਂ ਚਾਹੁੰਦੇ ਸਨ। ਇਹਨਾਂ ਉਪਰੋਕਤ ਹਾਲਤਾਂ ਵਿਚ ਹੇਠਲੀ ਅਦਾਲਤ ਨੇ ਮਹੰਤ ਨਰਾਇਣ ਦਾਸ, ਹਰੀ ਨਾਥ ਜੋਗੀ, ਮਹੰਤ ਰਿਹਾਣਾ ਆਦਿ ਨੂੰ ਮੌਤ ਦੀ ਸਜ਼ਾ ਸੁਣਾਈ। ਪੰਰੂਤ ਮਹੰਤ ਨਰਾਇਣ ਦਾਸ ਨੇ ਆਪਣਏ ਕੇਸ ਦੀ ਪੈਰਵੀ ਲਈ, ਹਾਈ ਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ ਅਤੇ ਹੱਸਨ ਇਮਾਮਾ ਨਾਂ ਦੇ ਵਕੀਲ ਨੂੰ ਪੈਰਵੀ ਲਈ 'ਪਟਨੇ' ਤੋਂ ਬੁਲਾਇਆ। ਵਕੀਲ ਨੇ ਅਦਾਲਤ ਦੇ ਰੂ-ਬ-ਰੂ ਮਹੰਤ ਅਤੇ ਉਸ ਦੇ ਚਾਟੜਿਆਂ ਨੂੰ ਬਚਾਉਣ ਲਈ ਇਸ ਪ੍ਰਕਾਰ ਦੀਆਂ ਦਲੀਲਾਂ ਦਿੱਤੀਆਂ, ਜਿਨ੍ਹਾਂ ਨੂੰ ਪੜ੍ਹ ਸੁਣ ਕੇ ਇਨਸਾਨੀਅਤ ਦਾ ਸਿਰ ਮਾਰੇ ਸ਼ਰਮ ਦੇ ਝੁਕ ਜਾਂਦਾ ਹੈ। ਆਪ ਨੇ ਆਖਿਆ - ''ਸਰਕਾਰ ਵੱਲੋਂ ਰੱਖਿਆ ਨਾ ਮਿਲ ਸਕਣ ਕਾਰਨ ਮਹੰਤ ਨੂੰ ਹੱਕ ਪਹੁੰਚਦਾ ਸੀ ਕਿ ਉਹ ਆਪਣੀ ਹਿਫਾਜ਼ਤ ਲਈ ਕਦਮ ਉਠਾਵੇ, ਪਠਾਣਾਂ ਨੂੰ ਪਹਿਰੇਦਾਰ ਰੱਖੇ ਅਤੇ 'ਰਾਂਝੇ' ਅਤੇ 'ਰਿਹਾਣੇ' ਵਰਗੇ ਚੰਗੇ ਲੜਾਕੂ ਬਾਹਰੋਂ ਲਿਆਵੇ।

ਉਹ (ਨਰਾਇਣ ਦਾਸ ਮਹੰਤ) ਬਿਲਾ-ਸ਼ੱਕ ਨਿਰਾਸ਼ਤਾ ਅਤੇ ਮਜ਼ਲੂਮੀਅਤ ਦੇ ਡੂੰਘੇ ਅਹਿਸਾਸਾਂ ਦਾ ਸ਼ਿਕਾਰ ਹੋ ਗਿਆ ਸੀ ਅਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਉਸ ਦਾ ਦਿਮਾਗੀ ਸੰਤੁਲਨ ਜਾਂਦਾ ਰਿਹਾ ਅਤੇ ਉਸ ਨੇ ਇਹੋ ਜਿਹਾ ਕਾਰਾ ਕੀਤਾ।''

ਇਹਨਾਂ ਦਲੀਲਾਂ ਦੀ ਬਿਨਾ 'ਤੇ ਅੰਤ ਜੱਜ ਸਾਹਿਬਾਨ ਨੇ ਮਹੰਤ ਨਰਾਇਣ ਦਾਸ ਦੀ ਫਾਂਸ਼ੀ ਦੀ ਸਜ਼ਾ, ਉਮਰ ਕੈਦ ਵਿਚ ਬਦਲ ਦਿੱਤੀ, ਅਤੇ ਮਹੰਤ ਦੇ ਸਹਿਯੋਗੀ ਮੁਲਾਜ਼ਮਾਂ ਜਿਹਾ ਕਿ ਰਾਂਝਾ, ਰਿਹਾਣਾ ਅਤੇ ਹਰੀ ਨਾਥ (ਜੋਗੀ) ਦੀ ਸਜ਼ਾ ਫਾਂਸੀ ਬਰ-ਕਰਾਰ ਰੱਖੀ। ਜੱਜ ਸਾਹਿਬਾਨ ਨੇ ਦੋ ਪਠਾਣਾਂ ਦੀ ਉਮਰ ਕੈਦ ਦੀ ਸਜ਼ਾ ਬਹਾਲ ਰੱਖਦਿਆਂ ਹੋਇਆਂ ਬਾਕੀ ਸਮੂਹ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਪਰੰਤੂ ਰੱਖਿਆ ਨਾ ਦੇਣ ਵਾਲੇ ਹਾਕਮਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ?

**ਦਲਿਤ ਚੇਤਨਾ ਦੇ ਪ੍ਰਸੰਗ ਵਿਚ**

# ਭਗਤ ਰਵਿਦਾਸ ਜੀ ਦਾ ਰੂਹਾਨੀ ਉਪਦੇਸ਼

**ਜਸਬੀਰ ਸਿੰਘ ਸਾਬਰ (ਡਾ.)**

ਮੱਧ ਯੁਗ ਤੋਂ ਅੱਜ ਤੱਕ ਮਾਨਵ-ਸਮਾਜ ਦੇ ਮਨੁੱਖ ਦੀ ਨਿਰੰਤਰ ਤ੍ਰਾਸਦੀ ਬਣੀ ਹੋਈ ਹੈ ਕਿ ਇਸ ਦੀ ਰੁਚੀ ਉਨ੍ਹਾਂ ਪ੍ਰਾਪਤੀਆਂ ਵੱਲ ਵਧੇਰੇ ਹੁੰਦੀ ਹੈ ਜੋ ਸੌਖਿਆਂ ਤੇ ਜਲਦੀ ਪ੍ਰਾਪਤ ਹੋ ਜਾਣ। ਹਾਲਾਂਕਿ ਅਜਿਹੀਆਂ ਪ੍ਰਾਪਤੀਆਂ ਕੇਵਲ ਵਕਤੀ ਲੋੜਾਂ ਪੂਰੀਆਂ ਕਰਨ ਵਾਲੀਆਂ ਤੇ ਥੋੜ੍ਹਚਿਰੀ ਖ਼ੁਸ਼ੀ ਦੇਣ ਵਾਲੀਆਂ ਹੀ ਹੁੰਦੀਆਂ ਹਨ। ਇਸ ਤ੍ਰਾਸਦੀ ਦਾ ਸ਼ਿਕਾਰ ਮਨੁੱਖ, ਸਿਧਾਂਤ ਦੀ ਸਾਰਥਿਕਤਾ ਨੂੰ ਛੱਡ ਕੇ ਸਿਧਾਂਤ ਸੰਚਾਰ ਦੀ ਪੂਜਾ ਕਰਨੀ ਆਰੰਭ ਦਿੰਦਾ ਹੈ। ਮਨੁੱਖ ਦੀ ਇਸ ਰੁਚੀ ਨੇ ਹੀ ਦੇਹ-ਪੂਜਾ ਅਤੇ ਨਿੱਜਵਾਦ ਨੂੰ ਪ੍ਰਫੁੱਲਤ ਕੀਤਾ। ਅੱਜ ਸਥਿਤੀ ਇਹ ਬਣ ਗਈ ਹੈ ਕਿ ਮਨੁੱਖ ਦੀ ਮਾਨਸਿਕਤਾ ਪਦਾਰਥਕ ਸੁਖਾਂ ਦੀ ਗ੍ਰਿਫ਼ਤ ਵਿਚ ਅਜਿਹੀ ਜਕੜੀ ਜਾ ਚੁੱਕੀ ਹੈ ਕਿ ਉਹ ਪਰਮਾਰਥ ਦੀ ਗੱਲ ਮੰਨਣੀ ਤਾਂ ਇਕ ਪਾਸੇ ਰਹੀ ਸੁਣਨੀ ਵੀ ਪਸੰਦ ਨਹੀਂ ਕਰ ਰਿਹਾ।

ਮਾਨਵ-ਚੇਤਨਾ ਦੀ ਇਸ ਸਥਿਤੀ ਦੇ ਦੋ ਕਾਰਨ ਸਪੱਸ਼ਟ ਰੂਪ ਵਿਚ ਨਜ਼ਰ ਆਉਂਦੇ ਹਨ। ਪਹਿਲਾ ਕਾਰਨ ਹੈ ਮਨੁੱਖ ਨੂੰ ਬਚਪਨ ਤੋਂ ਹੀ ਘਰ ਵਿਚੋਂ ਸੁਚੱਜਾ ਅਧਿਆਤਮਕ ਵਾਤਾਵਰਨ ਨਾ ਮਿਲਣਾ, ਜਿਸ ਕਰਕੇ ਉਹ ਸੁੱਚੀਆਂ ਅਧਿਆਤਮਕ ਕਦਰਾਂ-ਕੀਮਤਾਂ ਤੋਂ ਅਗਿਆਨੀ ਹੁੰਦਾ ਹੈ। ਉਸ ਨੂੰ ਜਨਮ ਤੋਂ ਹੀ ਇਕ ਅਜਿਹਾ ਸੰਕੀਰਨ, ਕੱਟੜਵਾਦੀ ਮਾਹੌਲ ਪ੍ਰਾਪਤ ਹੁੰਦਾ ਹੈ ਜੋ ਉਸ ਨੂੰ ਮਾਨਵ-ਭਾਈਚਾਰੇ ਅਤੇ ਸਰਬ ਸਾਂਝੀਵਾਲਤਾ ਅਤੇ ਸਭਿਆਚਾਰ ਤੋਂ ਨਿਖੇੜ ਕੇ ਰੱਖਦਾ ਹੈ। ਦੂਜਾ ਪ੍ਰਮੁੱਖ ਕਾਰਨ ਹੈ ਸਮਾਜ ਦੇ ਉਨ੍ਹਾਂ ਧਾਰਮਕ ਆਗੂਆਂ ਦੀ ਅਪ੍ਰਸੰਗਕ ਭੂਮਿਕਾ ਜਿਨ੍ਹਾਂ ਦਾ ਆਪਣਾ ਨਿੱਜ ਪੱਧਰਾ ਜੀਵਨ, ਲੋਕ-ਮਾਨਸ ਦੀ ਚੇਤਨਾ ਵਿਚ ਅਜਿਹਾ ਰੋਲ-ਮਾਡਲ ਪੇਸ਼ ਕਰਦਾ ਹੈ ਜੋ ਮਾਨਵ-ਸਮਾਜ ਦੇ ਵਿਕਾਸ-ਕਾਰਜ ਲਈ ਰੁਕਾਵਟ ਬਣ ਜਾਂਦਾ ਹੈ। ਕਿਸੇ ਵੀ ਚਿੰਤਨ ਦੀ ਪਰਖ/ਪੜਚੋਲ ਦਾ ਮੁੱਲ ਹੀ ਇਸ ਗੱਲ ਤੋਂ ਪਤਾ ਚੱਲਦਾ ਹੈ ਕਿ ਉਸ ਦਾ ਮਾਨਵੀ ਕਦਰਾਂ-ਕੀਮਤਾਂ ਨਾਲ ਸਰੋਕਾਰ ਕਿਸ ਮਾਤਰਾ ਵਿਚ ਜੁੜਿਆ ਹੋਇਆ ਹੈ। ਇਹ ਇਕ ਅਟੱਲ ਸੱਚਾਈ ਹੈ ਕਿ ਜੇਕਰ ਧਰਮ-ਚਿੰਤਨ ਸੁਘੜ ਤੇ ਸੁਜਾਨ ਪੁਰਸ਼ਾਂ ਦੇ ਹੱਥਾਂ ਵਿਚ ਹੋਵੇਗਾ ਤਾਂ ਮਾਨਵ ਸਮਾਜ ਦਾ ਸਿਰਜਨ ਤੇ ਪਾਲਣ-ਪੋਸ਼ਣ ਵੀ ਨਰੋਆ ਹੋਵੇਗਾ। ਪਰ ਜਦੋਂ ਗਿਆਨ ਦੇਣ ਵਾਲੇ ਆਗੂ ਹੀ ਅਗਿਆਨੀ ਅਤੇ ਅਨੈਤਿਕ ਰੁਚੀਆਂ ਦਾ ਸ਼ਿਕਾਰ ਹੋ ਜਾਣ ਜਾਂ ਨਿੱਜ-ਕਲਿਆਣ ਤੱਕ ਸੀਮਤ ਹੋ ਜਾਣ ਤਾਂ ਮਾਨਵ ਸਮਾਜ ਦਾ ਗ੍ਰਾਫ ਹੇਠਾਂ ਵੱਲ ਹੀ ਆਵੇਗਾ। ਸੱਚੀ ਗੱਲ ਤਾਂ ਇਹ ਹੈ ਕਿ ਅਜਿਹੀ ਪ੍ਰਸਥਿਤੀ ਵਿਚ ਮਾਨਵਤਾ ਅਤੇ ਧਰਮ ਦਾ ਆਪਸੀ ਰਿਸ਼ਤਾ ਹੀ ਟੁੱਟ ਜਾਂਦਾ ਹੈ ਜਿਸ ਦੇ ਫਲਸਰੂਪ ਨੈਤਿਕ ਕਦਰਾਂ-ਕੀਮਤਾਂ ਦਾ ਪ੍ਰਸੰਗ ਹੀ ਗੁਆਚ ਜਾਂਦਾ ਹੈ। ਕੁਝ ਅਜਿਹੀ ਹੀ ਪ੍ਰਸਥਿਤੀ ਸੀ ਭਗਤ ਰਵਿਦਾਸ ਜੀ ਦੇ ਸਮਕਾਲੀ ਮਾਨਵ-ਸਮਾਜ ਦੀ ਜਿਸ ਵਿਚ ਦਲਿਤ ਵਰਗ ਦਾ ਬੁਰੀ ਤਰ੍ਹਾਂ ਸ਼ੋਸ਼ਣ ਕੀਤਾ ਜਾ ਰਿਹਾ ਸੀ।



ਭਗਤ ਰਵਿਦਾਸ ਜੀ ਦੇ ਸਮਕਾਲੀ ਸਮਾਜ ਦਾ ਧਰਮ-ਚਿੰਤਨ ਇਕ ਪਾਸੇ ਭੂਤਮੁਖੀ ਵਹਿਮਾਂ-ਭਰਮਾਂ ਦਾ ਸ਼ਿਕਾਰ ਸੀ ਅਤੇ ਦੂਜੇ ਪਾਸੇ ਭਵਿੱਖਮੁਖੀ ਲਾਰੇ-ਲੱਪੇ ਲਾਉਣ ਤੋਂ ਇਲਾਵਾ ਕੁਝ ਵੀ ਨਹੀਂ ਸੀ, ਜਿਸ ਕਰਕੇ ਅਧਿਆਤਮਕ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਖੜੋਤ-ਗ੍ਰਸਤ ਸਨ। ਲੋਕ-ਮਾਨਸ ਦੀ ਚੇਤਨਾ ਵਿਚ ਪ੍ਰਭੂ-ਭਗਤੀ ਮਨਫ਼ੀ ਸੀ ਅਤੇ ਨਿੱਜ-ਭਗਤੀ ਦਾ ਬੋਲਬਾਲਾ ਸੀ। ਅਧਿਆਤਮਕ ਖੇਤਰ ਤੋਂ ਇਲਾਵਾ ਸਮਾਜਕ, ਆਰਥਕ ਅਤੇ ਰਾਜਨੀਤਕ ਖੇਤਰ ਵਿਚ ਵੀ ਮਾਨਵ-ਜੀਵਨ ਅਸੰਤੁਲਤ (unbalanced) ਅਤੇ ਉਖੜਿਆ ਹੋਇਆ ਸੀ। ਇਸ ਸੰਦਰਭ ਵਿਚ ਦਲਿਤ ਵਰਗ ਦਾ ਜੀਵਨ ਮੌਤ ਨਾਲੋਂ ਵੀ ਭੈੜਾ ਸੀ ਜੋ ਜ਼ੁਲਮ ਸਿਤਮ ਦੇ ਦੋ ਪੁੜਾਂ ਵਿਚਕਾਰ ਬੁਰੀ ਤਰ੍ਹਾਂ ਪੀਸਿਆ ਜਾ ਰਿਹਾ ਸੀ। ਇਸ ਦਾ ਕਾਰਨ ਸੀ ਦੇਸ਼ ਦੀ ਵਾਂਗਡੋਰ ਵਿਦੇਸ਼ੀ ਹਾਕਮਾਂ ਦੇ ਹੱਥ ਵਿਚ ਹੋਣੀ ਜੋ ਤਲਵਾਰ ਦੇ ਜ਼ੋਰ ਨਾਲ ਇਕ ਪਾਸੇ ਦੇਸ਼ ਦੀ ਧਨ-ਦੌਲਤ ਲੁੱਟ ਰਹੇ ਸਨ ਅਤੇ ਤਲਵਾਰ ਦੇ ਜ਼ੋਰ ਨਾਲ ਇਸਲਾਮ ਫੈਲਾ ਰਹੇ ਸਨ। ਦੂਜੇ ਪਾਸੇ ਦੇਸ਼ ਦੇ ਹਿੰਦੂ ਰਾਜੇ ਆਪਸੀ ਫੁੱਟ ਦਾ ਸ਼ਿਕਾਰ ਹੋਣ ਕਾਰਨ ਵਿਦੇਸ਼ੀ ਹਕੂਮਤਦ ੀਿ ਸਰਦਾਰੀਪ ੍ਵਾਨਕ ਰਕੇ,ਬ ਦਲੇ ਵਿਚ ਅਯਾਸ਼ੀ ਭਰਿਆ ਜੀਵਨ ਬਤੀਤ ਕਰਨ ਲਈ ਦਲਿਤ ਵਰਗ ਦੀਆਂ ਹੱਡੀਆਂ ਚੂਸ ਰਹੇ ਸਨ। ਹੈਰਾਨੀਜਨਕ ਤੱਥ ਇਹ ਹੈ ਕਿ ਦਲਿਤ ਵਰਗ ਨੂੰ ਲੁੱਟਣ ਲਈ ਦੋਵਾਂ ਕੌਮਾਂ ਦੇ ਹਾਕਮ ਤੇ ਪੁਜਾਰੀ ਇਕ ਦੂਜੇ ਦੇ ਸਹਾਇਕ ਬਣੇ ਹੋਏ ਸਨ। ਡਾ. ਈਸ਼ਵਰੀ ਪ੍ਰਸ਼ਾਦਿ ਠੀਕ ਹੀ ਲਿਖਦੇ ਹਨ ਕਿ:

**ਸ਼ਾਸ਼ਨ ਕੇ ਰੂਪ ਮੇਂ ਸੀਜ਼ਰ ਵ ਪੋਪ ਦੋਨੋਂ ਇਕੱਤ੍ਰ ਹੋ ਗਏ ਥੇ।**

ਸ੍ਰੀ ਕੇ.ਐਮ. ਮੁਨਸ਼ੀ ਭਗਤ ਰਵਿਦਾਸ ਜੀ ਦੇ ਤਤਕਾਲੀ ਸਮਾਜ ਦੀ ਵਿਵਸਥਾ ਬਾਰੇ ਲਿਖਦੇ ਹਨ ਕਿ-

ਇਸ ਸਮੇਂ ਸਦੀਓਂ ਸੇ ਇਕੱਤ੍ਰ ਕੀ ਗਈ ਧਨ ਔਰ ਸੰਪਤੀ ਲੂਟ ਕਾ ਵਿਸ਼ਾ ਬਨੀ, ਔਰਤੋਂ ਕਾ ਅਪਹਰਨ ਔਰ ਬਲਾਤਕਾਰ, ਅਰਾਜਕਤਾ ਜੀਵਨ ਕਾ ਹਿੱਸਾ ਬਨ ਗਿਆ ਥਾ। ਇਸਲਾਮ ਕਾ ਪਰਚਮ ਚਾਰੋਂ ਓਰ ਲਹਿਰਾਨੇ ਲਗਾ।

ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਸ੍ਰੀ ਸਤਿਆ ਕੇਤੂ ਵਿਦਿਆਲੰਕਾਰ

ਦਿਖਾਉਂਦੇ ਹਨ ਕਿ –

ਨਾਰੀਓਂ ਕੇ ਸਤ ਕੋ ਭ੍ਰਸ਼ਟ ਕਰਨਾ ਔਰ ਇਸਲਾਮ ਧਰਮ ਕੋ ਸਵੀਕਾਰ ਕਰਨੇ ਕੇ ਲੀਏ ਵਿਵਸ਼ ਕਰਨਾ ਉਸ ਸਮੇਂ ਕੇ ਕਰੂਰ ਸ਼ਾਸਕੋਂ ਔਰ ਮੰਤਰੀਓਂ ਕਾ ਦੈਨਿਕ ਚਰਯਾ ਥਾ।

ਧਰਮ–ਖੇਤਰ ਵਿਚ ਵਿਭਿੰਨ ਮੱਤ–ਮਤਾਂਤਰਾਂ ਦੀਆਂ ਪੂਜਾ ਵਿਧੀਆਂ ਤੇ ਕਰਮਕਾਂਡਾਂ ਕਾਰਨ ਹੋਂਦ 'ਚ ਆਈ ਧਰਮ ਵੰਡ ਦੀ ਤਸਵੀਰ ਤਾਂ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਰਚਨਾ ਵਿਚੋਂ ਵੀ ਭਲੀ ਪ੍ਰਕਾਰ ਵੇਖੀ ਜਾ ਸਕਦੀ ਹੈ :

**ਕਾਹੂ ਲੈ ਪਾਹਨ ਪੂਜ ਧਰਯੋ ਸਿਰ**
**ਕਾਹੂ ਲੈ ਲਿੰਗ ਗਰੇ ਲਟਕਾਇਓ॥**
**ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ**
**ਕਾਹੂ ਪਛਾਹ ਕੋ ਸੀਸੁ ਨਿਵਾਇਓ॥**
**ਕੋਊ ਬੁਤਾਨ ਕੋ ਪੂਜਤ ਹੈ ਪਸੁ**
**ਕੋਊ ਮ੍ਰਿਤਾਨ ਕੋ ਪੂਜਨ ਧਾਇਓ॥**
**ਕੂਰ ਕ੍ਰਿਆ ਉਰਝਿਓ ਸਭਹੀ ਜਗ**
**ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥**

**(ਤ੍ਵਪ੍ਰਸਾਦਿ ਸਵੱਯੇ)**

ਸਮਾਜ ਦਾ ਉਪਰੋਕਤ ਵਰਣਨ ਰੂਪ ਸਿੱਧ ਕਰਦਾ ਹੈ ਕਿ ਇਸ ਸਮੇਂ ਦੇ ਮਾਨਵ ਦੀ ਬਿਰਤੀ ਦਾ ਇਕੋ ਇਕ ਸਰੋਕਾਰ ਸੀ ਕਿ ਹਰ ਉਚਿਤ ਅਨਉਚਿਤ ਢੰਗ ਨਾਲ ਮਾਨਵੀ ਸਮਾਜ ਦੇ ਹਰ ਖੇਤਰ ਵਿਚ ਜ਼ਰ, ਜ਼ੋਰੂ ਤੇ ਜ਼ਮੀਨ ਉੱਤੇ ਕਬਜ਼ਾ ਕਰਨਾ। ਨਿੱਜ–ਲਾਭ ਦੀ ਇਸ ਹਵਸ ਨੇ ਮਾਨਵੀ–ਰਿਸ਼ਤੇ ਦੀ ਸਾਂਝ ਮਨਫ਼ੀ ਕਰ ਦਿੱਤੀ ਹੋਈ ਸੀ। ਬੇਸ਼ੱਕ ਅਜੋਕੇ ਦੌਰ ਵਿਚ ਵੀ ਇਹ ਰੁਚੀ ਵਧੇਰੇ ਪ੍ਰਚੰਡ ਹੋ ਰਹੀ ਹੈ ਅਤੇ ਇਸ ਦੇ ਵਿਰੋਧ ਦੀ ਸੰਭਾਵਨਾ ਵੀ ਨਹੀਂ ਦਿਸ ਰਹੀ। ਇਸ ਦੇ ਨਾਲ ਹੀ ਅੰਸ਼–ਵੰਸ, ਕੁਲ ਪਰੰਪਰਾ, ਜਾਤੀਵਾਦ, ਕਰਮ–ਕਾਂਡ, ਰੂਪ ਰੰਗ, ਲਿੰਗ ਭੇਦ ਦੀ ਵਿਤਕਰੇ ਭਰੀ ਵੰਡ ਨੇ ਮਾਨਵ–ਸਮਾਜ ਦੀ ਆਪਸੀ ਸਾਂਝ ਨੂੰ ਬਖੇਰ ਕੇ ਰੱਖ ਦਿੱਤਾ ਸੀ। ਚਤੁਰ ਵਰਣ ਵਿਵਸਥਾ ਦਾ ਤਾਣਾ–ਪੇਟਾ ਇਸ ਪ੍ਰਕਾਰ ਦਾ ਸੀ ਕਿ ਉਸ ਨੇ ਦਲਿਤ–ਵਰਗ ਨੂੰ ਸੰਤਾਪ ਦੀ ਭੱਠੀ ਵਿਚ ਇਸ ਤਰ੍ਹਾਂ ਝੋਕਿਆ ਹੋਇਆ ਸੀ ਕਿ ਉਨ੍ਹਾਂ ਨੂੰ ਨਾ ਜਿਉਂਦਿਆਂ ਵਿਚ ਤੇ ਨਾ ਹੀ ਮਰਿਆਂ ਵਿਚ ਸ਼ੁਮਾਰ ਕੀਤਾ ਜਾ ਸਕਦਾ ਸੀ। ਇਸ ਵਿਵਸਥਾ ਅਧੀਨ ਛੂਆ–ਛਾਤ ਇਤਨੀ ਪ੍ਰਬਲ ਸੀ ਕਿ ਇਕ ਪਾਸੇ ਤਾਂ ਗਊ ਦੇ ਮਲ–ਮੂਤਰ ਨਾਲ ਨਵ–ਜੰਮੇ ਬੱਚੇ ਦਾ ਜਨਮ ਸੰਸਾਕਰ ਅਤੇ ਚੁੱਲ੍ਹਾ ਚੌਂਕਾ ਪਵਿੱਤਰ ਕੀਤਾ ਜਾਂਦਾ ਪਰ ਦੂਜੇ ਪਾਸੇ ਇਨ੍ਹਾਂ ਦੀ ਸੇਵਾ ਕਰਨ ਵਾਲੇ ਦਲਿਤ ਵਰਗ ਨੂੰ ਅਛੂਤ ਗਰਦਾਨ ਕੇ ਉਸ ਦੀ ਛੂਹ ਤੇ ਪਰਛਾਈ ਵਾਲੀ ਵਸਤ ਭਿੱਟੀ ਹੋਈ ਅਪਵਿੱਤਰ ਮੰਨਦਿਆਂ ਬਦਲੇ ਵਿਚ ਦਲਿਤ ਨੂੰ ਫਿਟਕਾਰਿਆ, ਦੁਰਕਾਰਿਆ, ਤ੍ਰਿਸਕਾਰਿਆ ਤੇ ਮਾਰਿਆ ਜਾਂਦਾ। ਅਜਿਹੀ ਵਿਵਸਥਾ ਨੇ ਦਲਿਤ ਵਰਗ ਨੂੰ ਠੀਕ ਸਮਝਣ ਸੋਚਣ ਦੇ ਸਮਰੱਥ ਵੀ ਨਾ ਰਹਿਣ ਦਿੱਤਾ। ਕਿਉਂਕਿ ਜੇਕਰ ਉਹ ਆਪਣਾ ਨਾਤਾ ਹਿੰਦੂ ਧਰਮ ਨਾਲ ਜੋੜਦਾ ਸੀ ਤਾਂ ਉਸ ਨੂੰ ਪ੍ਰਾਪਤ ਹੁੰਦਾ ਸੀ ਨਿੱਕੀ–ਨਿੱਕੀ ਗੱਲ ਬਦਲੇ ਤ੍ਰਿਸਕਾਰ ਤੇ ਧਿਰਕਾਰ ਜਿਸ ਦੇ ਫਲਸਰੂਪ ਉਹ ਹਮੇਸ਼ਾ ਹੀਨ–ਭਾਵਨਾ ਦਾ ਸ਼ਿਕਾਰ ਰਹਿੰਦਾ। ਪਰ ਜੇਕਰ ਉਹ ਲਾਲਚ ਵੱਸ ਇਸਲਾਮ ਧਰਮ ਨਾਲ ਜੁੜ ਜਾਂਦਾ ਸੀ ਤਾਂ ਬਿਗਾਨਾਪਨ ਤੇ ਆਰਥਕ ਮੰਦਹਾਲੀ ਉਥੇ ਵੀ ਉਸ ਦਾ ਪਿੱਛਾ ਨਹੀਂ ਸੀ ਛੱਡਦੀ। ਇਸ ਤਰ੍ਹਾਂ ਉਸਦੀ ਬਿਰਤੀ ਦਿਨ–ਬ–ਦਿਨ ਰੋਗੀ ਬਣਦੀ ਜਾ ਰਹੀ ਸੀ। ਇਹ ਇਕ ਅਟੱਲ ਸੱਚਾਈ ਹੈ ਕਿ ਹਰੇਕ ਵਿਅਕਤੀ ਤਤਕਾਲੀਨ ਪ੍ਰਸਥਿਤੀਆਂ ਤੋਂ ਪ੍ਰਭਾਵਤ ਹੁੰਦਾ ਹੈ ਅਤੇ ਉਸ ਦੇ ਵਿਕਾਸ ਤੇ ਵਿਨਾਸ਼ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ – ਤਤਕਾਲੀ ਸਮਾਜ। ਇਸ ਲਈ ਰੋਗੀ–ਬਿਰਤੀਆਂ ਦਾ ਸ਼ਿਕਾਰ ਮਾਨਵ, ਵਿਕਾਸ ਗਤੀ ਵਾਲੇ ਮਾਨਵ–ਸਮਾਜ ਦਾ ਵਿਕਸਿਤ ਨਿਰਮਾਣ ਕਰਨ ਦੇ ਯੋਗ ਨਹੀਂ ਹੋਇਆ ਕਰਦਾ। ਸੁੱਚੀਆਂ ਕਦਰਾਂ–ਕੀਮਤਾਂ ਵਾਲੇ ਸਮਾਜ ਦਾ ਨਿਰਮਾਣ–ਕਾਰਜ, ਅਰੋਗ ਰੁਚੀਆਂ ਵਾਲੇ ਮਾਨਵ ਹੀ ਕਰ ਸਕਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਰਵਿਦਾਸ ਜੀ ਦੀ ਬਾਣੀ ਦੇ ਅੰਕਤ ੪੦ ਸ਼ਬਦ ਇਸ ਤੱਥ ਨੂੰ ਉਭਾਰਦੇ ਹਨ ਕਿ ਭਗਤ ਜੀ ਨੇ ਦਲਿਤ ਵਰਗ ਦੀ ਰੋਗੀ ਬਿਰਤੀ ਨੂੰ ਅਰੋਗ ਕਰਨ ਲਈ ਉਨ੍ਹਾਂ ਵਿਚੋਂ ਹੀਨ ਭਾਵਨਾ ਨੂੰ ਖਤਮ ਕਰਨ ਹਿਤ ਆਪਣੀ ਅਲਾਹੀ ਬਾਣੀ ਦੇ ਮਿੱਠੜੇ ਬੋਲਾਂ ਨਾਲ ਉਸ ਸਮੇਂ ਦੇ ਮਹਾਂ–ਪੰਡਤਾਂ ਨੂੰ ਆਪਣੇ ਚਰਨਾਂ ਉੱਤੇ ਸੀਸ ਝੁਕਾਉਣ ਲਈ ਮਜਬੂਰ ਕਰ ਦਿੱਤਾ।

**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**

**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਭਗਤ ਰਵਿਦਾਸ ਜੀ ਇਸ ਤੱਥ ਨੂੰ ਭਲੀ ਪ੍ਰਕਾਰ ਸਮਝਦੇ ਹਨ ਕਿ ਦਲਿਤ–ਵਰਗਾਂ ਦੀ ਰੋਗੀ ਚੇਤਨਾ ਨੂੰ ਅਰੋਗ ਕੀਤੇ ਬਗੈਰ, ਸੁੱਚੀਆਂ ਕਦਰਾਂ–ਕੀਮਤਾਂ ਵਾਲੇ ਮਾਨਵ–ਸਮਾਜ ਦਾ ਨਿਰਮਾਣ ਕਾਰਜ ਹੋ ਹੀ ਨਹੀਂ ਸਕਦਾ। ਏਸੇ ਲਈ ਉਨ੍ਹਾਂ ਨੇ ਆਪਣੀ ਬਾਣੀ ਵਿਚ ਦਲਿਤ–ਚੇਤਨਾ ਦੇ ਕਾਰਜ ਨੂੰ ਪ੍ਰਥਮਤਾ ਦਿੱਤੀ।

ਏਥੇ 'ਦਲਿਤ–ਚੇਤਨਾ' ਬਾਰੇ ਵੀ ਸੰਖਿਪਤ ਚਰਚਾ ਕਰਨੀ ਤਰਕ ਸੰਗਤ ਲੱਗਦੀ ਹੈ ਤਾਂ ਜੋ ਇਸ ਦਾ ਮੰਤਵ–ਕਾਰਜ ਸਪੱਸ਼ਟ ਹੋ ਸਕੇ। ਮੇਰੇ ਵਿਚਾਰ ਅਨੁਸਾਰ 'ਦਲਿਤ–ਚੇਤਨਾ' ਦਾ ਮੁੱਖ ਮੰਤਵ ਮਨੁੱਖ ਦੀ ਸਮਾਜਕ ਬਰਾਬਰੀ ਨੂੰ ਉਭਾਰਨਾ ਅਤੇ ਮਾਨਵ–ਵੰਡ ਨੂੰ ਨਕਾਰਨਾ ਹੈ। ਦਲਿਤ ਚੇਤਨਾ ਦਾ ਆਸ਼ਾ, ਅਤੀਤਮੁਖੀ ਨਹੀਂ, ਭਵਿੱਖਮੁਖੀ ਹੋਇਆ ਕਰਦਾ ਹੈ। ਇਹ ਮਾਨਵ–ਚੇਤਨਾ ਵਿਚੋਂ ਹੀਨ–ਭਾਵਨਾ ਨੂੰ ਮਿਟਾ ਕੇ, ਸੱਚ ਦੇ ਰੂਪ ਵਿਚ ਸ੍ਵੈਮਨ ਨੂੰ ਜਗਾ ਕੇ ਚੰਗੇਰੇ ਜੀਵਨ–ਮੁੱਲਾਂ ਨੂੰ ਤਲਾਸ਼ ਕਰਨ ਵਿਚ ਸਦਾ ਤਤਪਰ ਰਹਿੰਦੀ ਹੈ।

ਦਲਿਤ ਚੇਤਨਾ, ਹਾਰੇ ਹੋਏ ਮਨੁੱਖ ਨੂੰ ਸ਼ਕਤੀ ਪ੍ਰਦਾਨ ਕਰਕੇ ਉਸ ਦੇ ਅੰਦਰਲੇ ਸੱਚ ਨੂੰ ਉਜਾਗਰ ਕਰਦਿਆਂ ਉਸ ਨੂੰ ਸੱਚ ਦੀ ਪ੍ਰਾਪਤੀ ਹਿਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਪ੍ਰੇਰਨਾ ਦਿੰਦੀ ਹੈ। ਇਥੇ 'ਦਲਿਤ' ਸ਼ਬਦ ਦੇ ਅਰਥ ਸਮਝਣੇ ਵੀ ਜ਼ਰੂਰੀ ਲੱਗਦੇ ਹਨ। 'ਦਲਿਤ' ਸ਼ਬਦ ਕਿਸੇ ਜਾਤੀ ਵਿਸ਼ੇਸ਼ ਦੇ ਦੁੱਖ ਦਰਦ ਜਾਂ ਸਮਾਜਕ ਵਿਵਸਥਾ ਦੀ ਕਰੂਰਤਾ ਦਾ ਹੀ ਲਖਾਇਕ ਨਹੀਂ ਸਗੋਂ ਇਕ ਵਿਵਸਥਾ ਪ੍ਰਤੀ ਵਿਚਾਰਧਾਰਕ ਅੰਦੋਲਨ ਦੇ ਸਰੂਪ ਨੂੰ ਵੀ ਨਿਸ਼ਚਿਤ ਕਰਦਾ ਹੈ। ਸੰਤ ਸਾਹਿਤ ਦੇ ਪ੍ਰਸਿੱਧ ਵਿਦਵਾਨ ਡਾ. ਮੈਨੇਜਰ ਪਾਂਡੇ ਠੀਕ ਹੀ ਆਖਦੇ ਹਨ ਕਿ –

**ਅਗਰ ਦਲਿਤ ਕਾ ਅਰਥ**
**ਗੁਲਾਮੀ ਕੀ ਸਥਿਤੀ ਮੇਂ ਰਹਿਨੇ ਵਾਲੋਂ ਸੇ ਹੀ ਹੋਤਾ**
**ਤੋ ਉਸ ਮੇਂ ਗਾਂਧੀ ਜੀ ਕੇ ਹਰੀਜਨ,**
**ਇਸ ਦੇਸ਼ ਕੇ ਆਦਿਵਾਸੀ ਔਰ**
**ਇਸਤਰੀਆਂ ਸਭੀ ਸ਼ਾਮਿਲ ਹੋ ਜਾਤੀ ਹੈਂ,**

**ਲੇਕਨ ਜਬ ਮੈਂ 'ਦਲਿਤ' ਸ਼ਬਦ ਕਾ**
**ਪ੍ਰਯੋਗ ਕਰਤਾ ਹੂੰ ਤੋ ਮੇਰੇ ਧਯਾਨ ਮੇਂ ਦਲਿਤ**
**ਵੋਹ ਲੋਗ ਹੈਂ ਜਿਨ੍ਹੇਂ ਭਾਰਤ**
**ਵਰਣ-ਵਿਵਸਥਾ ਮੇਂ ਦਲਿਤ ਕਹਾ ਜਾਤਾ ਹੈ,**
**ਸਮਾਜ ਮੇਂ ਅਛੂਤ ਮਾਨਾ ਜਾਤਾ ਹੈ।**

ਦਰਅਸਲ ਭਾਰਤੀ ਸਮਾਜ ਦਾ ਤਾਣਾ-ਪੇਟਾ ਕੁਝ ਇਸ ਤਰ੍ਹਾਂ ਦਾ ਬੁਣਿਆ ਹੋਇਆ ਹੈ ਜਿਥੇ ਅਖੌਤੀ ਨੀਵੀਂ ਜਾਤ ਦਾ ਮਨੁੱਖ, ਮਾਨਵ ਸਮਾਜ ਦੇ ਹਰ ਖੇਤਰ ਵਿਚ ਮਾਨਸਕ ਯਾਤਨਾਵਾਂ ਅਤੇ ਆਰਥਕ ਥੋੜ੍ਹਾਂ ਕਾਰਨ ਅਜਿਹੀ ਕਿਸਮ ਦੀ ਭਿਆਨਕ ਦਸ਼ਾ ਵਾਲਾ ਜੀਵਨ ਜਿਊਂਦਾ ਸੀ ਜੋ ਆਮ ਪੀੜਤ ਮਨੁੱਖ ਨਾਲੋਂ ਵੱਖਰੀ ਕਿਸਮ ਦਾ ਸੀ। ਉਹ ਇਕ ਅਜਿਹਾ ਦਲਿਆ ਮਨੁੱਖ ਹੁੰਦਾ ਸੀ ਤੇ ਹੈ ਜੋ ਹਰ ਪੱਧਰ 'ਤੇ ਅਣਗੌਲਿਆ ਰਹਿੰਦਾ। ਮੇਰੀ ਜਾਚੇ ਅਜਿਹਾ ਮਨੁੱਖ ਹੀ 'ਦਲਿਤ' ਹੈ।

ਆਦਿ ਕਾਲ ਵਿਚ ਵਰਣ-ਵਿਵਸਥਾ ਮਾਨਵ-ਘਿਰਣਾ ਪੈਦਾ ਕਰਨ ਵਾਲੀ ਨਹੀਂ ਸੀ ਸਗੋਂ ਇਸ ਦਾ ਆਰੰਭ ਸਮਾਜਕ ਭਲਾਈ ਅਤੇ ਕਿੱਤਾ-ਨਿਪੁੰਨਤਾ ਨੂੰ ਸਨਮੁਖ ਰੱਖ ਕੇ ਕੀਤਾ ਗਿਆ ਸੀ। ਪਰ ਸਮਾਂ ਬੀਤਣ 'ਤੇ ਪੁਜਾਰੀ ਅਤੇ ਹਾਕਮ ਵਰਗ ਦੀ ਖੁਦਗਰਜ਼ੀ, ਲੋਭ, ਲਾਲਚ ਅਤੇ ਆਕੜ ਨੇ ਇਸ ਸੰਸਥਾ ਨੂੰ ਦੂਸ਼ਿਤ ਕਰ ਦਿੱਤਾ। ਵਿੱਦਿਆ ਆਡੰਬਰ, ਆਰਥਕ ਲੁੱਟ-ਖੋਹ, ਦੂਸ਼ਤ ਅਣਮਨੁੱਖੀ ਸਮਾਜਕ ਵਰਤਾਰਾ, ਅਨੈਤਿਕ ਜੀਵਨ ਮੁੱਲ ਸਮਾਜ ਵਿਚ ਪੱਕੇ ਪੈਰੀਂ ਸਥਾਪਤ ਹੋ ਗਏ ਜਿਸ ਦੇ ਫਲਸਰੂਪ ਮਾਨਵ ਜੀਵਨ ਦੇ ਵਿਕਾਸਮਈ ਮੁੱਲਾਂ ਦੇ ਅਰਥ ਹੀ ਗੁਆਚ ਗਏ। ਉਚ-ਨੀਚ ਤੇ ਜਾਤੀਵਾਦ ਦੀ ਲਹਿਰ ਨੇ ਮਾਨਵ-ਸਮਾਜ ਦੀ ਚਿੱਟੀ ਚਾਦਰ ਲਹੂ-ਲੁਹਾਨ ਕਰ ਦਿੱਤੀ। ਇਥੋਂ ਤੱਕ ਕਿ ਧਰਮ-ਕਰਮ ਇਕ ਵਿਸ਼ੇਸ਼ ਵਰਗ ਦੀ ਅਜ਼ਾਰੇਦਾਰੀ ਬਣ ਕੇ ਰਹਿ ਗਿਆ ਅਤੇ ਹਕੂਮਤ 'ਤੇ ਕਬਜ਼ਾ, ਖੱਤਰੀਆਂ ਦਾ ਹੋ ਗਿਆ। ਇਸ ਵਿਵਸਥਾ ਵਿਚ ਸ਼ੂਦਰ ਅਥਵਾ ਦਲਿਤ ਪੂਰੀ ਤਰ੍ਹਾਂ ਅਣਫਿੱਟ ਸੀ। ਭਗਤ ਰਵਿਦਾਸ ਜੀ ਨੇ ਸਮਾਜ ਵਿਚ ਫੈਲੀ ਇਸ ਵਿਵਸਥਾ ਨੂੰ ਪਹਿਲਾਂ ਚੰਗੀ ਤਰ੍ਹਾਂ ਸਮਝਿਆ, ਵਿਚਾਰਿਆ ਅਤੇ ਫੇਰ ਇਸ ਦਾ ਸਮਾਧਾਨ ਪ੍ਰਸਤੁਤ ਕੀਤਾ।

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਦਾ ਪਹਿਲਾ ਕਾਰਜ ਸੀ ਮਾਨਵ-ਚੇਤਨਾ ਵਿਚ ਅਧਿਆਤਮਕ ਪੱਧਰ 'ਤੇ ਸ੍ਵੈ-ਚੇਤਨਾ ਦਾ ਉਭਾਰ ਪੈਦਾ ਕਰਨਾ ਅਤੇ ਉਨ੍ਹਾਂ ਦੀ ਪਤਨਮੁਖੀ ਚੇਤਨਾ ਨੂੰ ਜਾਗਰਿਕ ਕਰਨਾ। ਨਿਰਸੰਦੇਹ ਭਗਤ ਰਵਿਦਾਸ ਜੀ ਦਾ ਭਾਈਚਾਰਾ, ਇਕ ਅਜਿਹੇ ਗੰਧਲੇ ਮਾਹੌਲ ਵਿਚ ਰਹਿੰਦਾ ਸੀ ਜੋ ਮਰੇ ਹੋਏ ਪਸ਼ੂਆਂ ਨੂੰ ਢੋਣ ਦੀ ਕਾਰ ਕਰਦੇ ਸਨ। ਹਾਕਮਾਂ ਦੀ ਵਗਾਰ ਕਰਨੀ ਅਤੇ ਪੁਜਾਰੀਆਂ ਦੀ ਫਿਟਕਾਰ ਸਹਿਣੀ ਇਸ ਵਰਗ ਦਾ ਨਿੱਤ-ਕਰਮ ਸੀ। ਅਜਿਹੇ ਕਸ਼ਟ ਭਰੇ ਮਾਹੌਲ ਵਿਚ ਕਿਸੇ ਵਿਅਕਤੀ ਵੱਲੋਂ ਵਿਕਾਸ-ਮਾਰਗ 'ਤੇ ਤੁਰਨ ਦਾ ਹੌਂਸਲਾ ਕਰਨਾ ਬੜਾ ਕਠਨ ਕਾਰਜ ਹੈ, ਕ੍ਰਿਆਤਮਕ ਕਾਰਜ ਕਰਨ ਦੀ ਗੱਲ ਤਾਂ ਸੋਚੀ ਵੀ ਨਹੀਂ ਜਾ ਸਕਦੀ।

**ਮੇਰੀ ਜਾਤਿ ਕੁਟ ਬਾਂਢਲਾ ਢੋਰ ਢਵੰਤਾ**
**ਨਿਤਹਿ ਬਾਨਾਰਸੀ ਆਸ ਪਾਸਾ॥**
**ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ**
**ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥**
**(ਮਲਾਰ ਰਵਿਦਾਸ ਜੀ, ਪੰਨਾ ੧੨੯੩)**

ਪਰ ਇਹ ਚਮਤਕਾਰ ਕਰ ਵਿਖਾਇਆ ਰਵਿਦਾਸ ਜੀ ਨੇ ਹਾਕਮ ਜਮਾਤ ਤੋਂ ਨਿਰਭਉ ਹੋ ਕੇ ਅਤੇ ਪੁਜਾਰੀਆਂ ਦੇ ਫਤਵਿਆਂ ਤੋਂ ਪਿੱਠ ਕਰਕੇ ਆਪਣੀ ਅੰਮ੍ਰਿਤਮਈ ਬਾਣੀ ਦੇ ਇਨ੍ਹਾਂ ਬੋਲਾਂ ਨਾਲ ਕਿ :

**ਸਰਬੇ ਏਕੁ ਅਨੇਕੈ ਸੁਆਮੀ ਸਭ ਘਟ ਭੋੁਗਵੈ ਸੋਈ॥**
**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਭਾਵ ਜਦੋਂ ਹਰ ਪ੍ਰਾਣੀ ਵਿਚ ਉਹ ਇਕੋ ਇਕ ਪਰਮਾਤਮਾ ਆਪ ਵਿਦਮਾਨ ਹੈ ਅਤੇ ਉਸ ਨੂੰ ਆਪ ਹੀ ਭੋਗ ਰਿਹਾ ਹੈ ਤਾਂ ਫਿਰ ਮਾਨਵ-ਅੰਤਰ ਪਾੜ ਕੈਸਾ? ਇਥੋਂ ਤਕ ਆਪ ਜੀ ਨੇ ਪਰਮਾਤਮਾ ਨੂੰ ਸੰਬੋਧਤ ਹੁੰਦੇ ਆਖਿਆ:

**ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥**
**ਕਨਕ ਕਟਿਕ ਜਲ ਤਰੰਗ ਜੈਸਾ॥**
**(ਸਿਰੀਰਾਗੁ, ਰਵਿਦਾਸ ਜੀ, ਪੰਨਾ ੯੩)**

ਭਾਵ - ਹੇ ਪ੍ਰਭੂ! ਜਦੋਂ ਤੇਰੇ ਤੇ ਮੇਰੇ ਵਿਚਕਾਰ ਕੋਈ ਅੰਤਰ ਨਹੀਂ ਹੈ ਤਾਂ ਮਨੁੱਖ ਦੇ ਬਣਾਏ ਹੋਏ ਇਸ ਅੰਤਰ (ਵਰਣ-ਵੰਡ) ਦੀ ਕੀ ਸਾਰਥਕਤਾ ਰਹਿ ਜਾਂਦੀ ਹੈ? ਭਗਤ ਰਵਿਦਾਸ ਜੀ ਦੀ ਇਸ ਪਹੁੰਚ ਵਿਧੀ ਨੇ ਪ੍ਰਭੂ-ਭਗਤੀ ਦੇ ਕਿਵਾੜ ਹਰੇਕ ਵਿਅਕਤੀ ਲਈ ਖੋਲ੍ਹ ਦਿੱਤੇ ਅਤੇ ਲੋਕ-ਮਾਨਸ ਦੀ ਚੇਤਨਾ ਵਿਚ ਇਹ ਸਿਧਾਂਤ ਦ੍ਰਿੜ੍ਹ ਕਰ ਦਿੱਤਾ ਕਿ ਪਰਮਾਤਮਾ ਕੇਵਲ ਤੇ ਕੇਵਲ ਇਕ ਹੈ। ਉਹੋ ਸਭ ਦਾ ਸਿਰਜਨਹਾਰ, ਪਾਲਨਹਾਰ ਤੇ ਸੰਘਾਰਨਹਾਰ ਹੈ। ਉਸ ਪਰਮਾਤਮਾਂ ਦੀਆਂ ਨਜ਼ਰਾਂ ਵਿਚ ਵਰਣ-ਵੰਡ, ਧਰਮ-ਵੰਡ, ਸ਼੍ਰੇਣੀ-ਵੰਡ, ਲਿੰਗ ਭੇਦ ਵੰਡ ਆਦਿ ਕੋਈ ਕੀਮਤ ਨਹੀਂ ਰੱਖਦੀਆਂ। ਉਸ ਪਰਮਾਤਮਾਂ ਦੇ ਰੂਪ ਅਨੇਕ ਹੋ ਸਕਦੇ ਹਨ, ਨਾਮ ਅਨੇਕ ਹੋ ਸਕਦੇ ਹਨ ਪਰ ਉਸ ਦੀ ਪਰਮਜੋਤਿ ਇਕੋ ਇਕ ਹੈ। ਧਰਮ-ਖੇਤਰ ਵਿਚ ਭਗਤ ਰਵਿਦਾਸ ਜੀ ਦਾ ਇਹ ਅਜਿਹਾ ਪੈਂਤੜਾ ਸੀ ਜਿਸ ਨੇ ਵੱਡੇ-ਵੱਡੇ ਪੰਡਤਾਂ ਦੇ ਸਿਰ ਝੁਕਾ ਦਿੱਤੇ।

ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਚ ਗਲਤਾਨ ਮਨੁੱਖਾਂ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਆਪ ਦਾ ਸੰਦੇਸ਼ ਸੀ :

**ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥**
**ਪੰਚ ਦੋਖ ਅਸਾਧ ਜਾ ਮਹਿ ਤਾਕੀ ਕੇਤਕ ਆਸ॥**
**(ਆਸਾ ਰਵਿਦਾਸ ਜੀ, ਪੰਨਾ ੪੮੬)**

ਦਿਨ ਰਾਤ ਧਨ-ਸੰਪਤੀ ਇਕੱਤਰ ਕਰਨ ਲਈ ਹਰ ਪ੍ਰਕਾਰ ਦੇ ਉਚਿਤ ਅਨਉਚਿਤ ਢੰਗ ਵਰਤਣ ਵਾਲੇ ਮਨੁੱਖ ਨੂੰ ਆਪ ਜੀ ਸੁਚੇਤ ਕਰਦੇ ਹਨ:

**ਸੰਪਤਿ ਬਿਪਤਿ ਪਟਲ ਮਾਇਆ ਧਨੁ॥**
**ਤਾ ਮਹਿ ਮਗਨ ਹੋਤ ਨ ਤੇਰੋ ਜਨੁ॥**
**(ਆਸਾ ਰਵਿਦਾਸ ਜੀ, ਪੰਨਾ ੪੮੭)**

ਭਗਤ ਰਵਿਦਾਸ ਜੀ ਦੀਆਂ ਨਜ਼ਰਾਂ ਵਿਚ ਪਰਮਾਤਮਾ ਨੂੰ ਖੁਸ਼ ਕਰਨ ਲਈ ਫੋਕੇ ਕਰਮਕਾਂਡ ਕਰਨ ਦੀ ਜੁਗਤ ਅਤੇ ਉਸ ਨੂੰ ਸੰਸਾਰੀ ਪਦਾਰਥ ਭੇਟ ਕਰਨ ਦੀਆਂ ਪੂਜਾ-ਪੱਧਤੀਆਂ ਕੋਈ ਸਾਰਥਕਤਾ ਨਹੀਂ ਰੱਖਦੀਆਂ ਕਿਉਂਕਿ ਇਨ੍ਹਾਂ ਨੂੰ ਵੱਖ-ਵੱਖ ਪੱਧਰਾਂ 'ਤੇ ਪਹਿਲਾਂ ਝੂਠਾ ਕਰ ਦਿੱਤਾ ਹੁੰਦਾ ਹੈ। ਸੱਚੀ-ਸੁੱਚੀ ਵਸਤ ਜੋ ਉਸ ਪਰਮਾਤਮਾਂ ਨੂੰ ਖੁਸ਼ ਕਰ ਸਕਦੀ ਹੈ ਉਹ ਹੈ ਕੇਵਲ ਉਸ ਨਾਲ ਕੀਤੀ ਜਾਣ ਵਾਲੀ ਸੱਚੀ-ਸੁੱਚੀ ਪ੍ਰੀਤ। ਏਸੇ ਲਈ ਭਗਤ ਰਵਿਦਾਸ ਜੀ ਸੱਚੀ ਪ੍ਰੀਤ ਦੀ ਗੱਲ ਕਰਦੇ ਹਨ :

**ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ॥**
**ਤੁਮ ਸਿਉ ਜੋਰਿ ਅਵਰ ਸੰਗਿ ਤੋਰੀ॥**
**(ਸੋਰਠਿ ਰਵਿਦਾਸ ਜੀ, ਪੰਨਾ ੬੫੯)**

ਭਗਤ ਰਵਿਦਾਸ ਜੀ ਪ੍ਰੇਮ-ਜੁਗਤ ਨੂੰ ਬਹੁਤ ਹੀ ਮਹੱਤਤਾ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਪ੍ਰੇਮ-ਭਗਤ ਇਕ ਐਸਾ ਬੰਧਨ ਹੈ ਜੋ ਪਰਮਾਤਮਾ ਨੂੰ ਵੀ ਵੱਸ ਕਰ ਲੈਂਦਾ ਹੈ :

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੮)**

ਇਸ ਸੰਸਾਰ ਵਿਚ ਪੈਦਾ ਹੋਏ ਫਾਨੀ ਮਨੁੱਖ ਨੂੰ ਆਪ ਜੀ ਸਾਵਧਾਨ ਕਰਦੇ ਹਨ ਕਿ ਜਿਹੜੇ ਤੂੰ ਉੱਚੇ ਮਹਿਲ ਮਾੜੀਆਂ ਉਸਾਰੇ ਹੋਏ ਹਨ, ਇਨ੍ਹਾਂ ਦੀ ਪ੍ਰਾਪਤੀ ਖਾਤਰ ਹਰ ਪ੍ਰਕਾਰ ਦੇ ਅਨਉਚਿਤ ਢੰਗ ਵਰਤੇ ਹਨ ਅਤੇ ਆਪਣੀਆਂ ਮਨਮਾਨੀਆਂ ਪੁਗਾਉਣ ਲਈ ਕੋਈ ਵੀ ਅਨੈਤਿਕ ਕਰਮ ਕਰਨ ਤੋਂ ਝਿਜਕ ਨਹੀਂ ਵਿਖਾਈ, ਸੱਚ ਤਾਂ ਇਹ ਹੈ ਕਿ ਇਹ ਸਭ ਕੁਝ ਇਥੇ ਹੀ ਰਹਿ ਜਾਣਾ ਹੈ, ਮਨੁੱਖ ਦੇ ਨਾਲ ਨਹੀਂ ਜਾਣਾ :

**ਊਚੇ ਮੰਦਰ ਸਾਲ ਰਸੋਈ॥**
**ਏਕ ਘਰੀ ਫੁਨਿ ਰਹਨੁ ਨ ਹੋਈ॥**

**(ਸੂਹੀ ਰਵਿਦਾਸ ਜੀ, ਪੰਨਾ ੭੯੪)**

ਕਿਉਂਕਿ ਵਾਸਤਵ ਵਿਚ ਹਰ ਇਨਸਾਨ ਇਸ ਸੰਸਾਰ ਵਿਚ ਇਕ ਸੀਮਤ ਆਯੂ ਲੈ ਕੇ ਪੈਦਾ ਹੁੰਦਾ ਹੈ ਅਤੇ ਇਕ ਮੁਸਾਫਰ ਵਾਂਗ, ਆਪਣੀ ਉਮਰ ਭੋਗ ਕੇ ਇਸ ਸੰਸਾਰ ਰੂਪੀ ਸਰਾਂ ਨੂੰ ਖਾਲੀ ਕਰ ਜਾਂਦਾ ਹੈ :

**ਪ੍ਰਾਨੀ ਕਿਆ ਮੇਰਾ ਕਿਆ ਤੇਰਾ॥**
**ਜੈਸੇ ਤਰਵਰ ਪੰਖਿ ਬਸੇਰਾ॥**

**(ਸੋਰਠਿ ਰਵਿਦਾਸ ਜੀ, ਪੰਨਾ ੬੫੯)**

ਏਸੇ ਲਈ ਆਪ ਜੀ ਇਸ ਮਨੁੱਖਾ ਜਨਮ ਨੂੰ ਦੁਲੱਭ ਆਖਦਿਆਂ ਮਨੁੱਖ ਨੂੰ ਸਾਵਧਾਨ ਕਰਦੇ ਹਨ :

**ਕਿਆ ਤੂ ਸੋਇਆ ਜਾਗੁ ਇਆਨਾ॥**
**ਤੈ ਜੀਵਨੁ ਜਗਿ ਸਚੁ ਕਰਿ ਜਾਨਾ॥**

**(ਸੂਹੀ ਰਵਿਦਾਸ ਜੀ, ਪੰਨਾ ੭੯੪)**

ਦਲਿਤ-ਚੇਤਨਾ ਦੇ ਪ੍ਰਸੰਗ ਵਿਚ ਭਗਤ ਰਵਿਦਾਸ ਜੀ ਵੱਲੋਂ ਆਪਣੀ ਬਾਣੀ ਵਿਚ ਪ੍ਰਸਤੁਤ ਕੀਤਾ ਗਿਆ 'ਬੇਗਮ ਪੁਰਾ ਸਹਰ ਕੋ ਨਾਉ' (ਗਉੜੀ ਰਵਿਦਾਸ ਜੀ, ਪੰਨਾ ੩੪੫) ਦਾ ਸੰਕਲਪ ਅੱਜ ਵੀ ਸਮੁੱਚੇ ਵਿਸ਼ਵ ਨੂੰ ਪਿਆਰ-ਭਰੀਆਂ ਗਲਵਕੜੀਆਂ ਪਾਉਣ ਦੇ ਸਮਰੱਥ ਹੋ ਸਕਦਾ ਹੈ, ਜੇਕਰ ਇਸ ਦੀ ਮੂਲ ਭਾਵਨਾ ਸਮਝ ਕੇ ਇਸ ਉਪਰ ਅਮਲ ਕੀਤਾ ਜਾਵੇ।

ਇਸ ਤਰ੍ਹਾਂ ਭਗਤ ਰਵਿਦਾਸ ਬਾਣੀ ਦਾ ਦਲਿਤ ਪ੍ਰਸੰਗ ਉਸ ਮਾਨਵ-ਸਮਾਜ ਦੀ ਆਧਾਰਸ਼ਿਲਾ ਰੱਖਦਾ ਹੈ ਜਿਥੇ ਧਰਮ-ਵੰਡ, ਵਰਣ-ਵੰਡ, ਸ਼੍ਰੇਣੀ-ਵੰਡ, ਨਸਲ-ਵੰਡ ਆਦਿ ਲਈ ਕੋਈ ਥਾਂ ਨਹੀਂ। ਆਪ ਜੀ ਦੀ ਸਮੁੱਚੀ ਬਾਣੀ ਵਿਚ ਇਕ ਵੀ ਅਜਿਹਾ ਸ਼ਬਦ ਪ੍ਰਾਪਤ ਨਹੀਂ ਹੁੰਦਾ ਜੋ ਕਿਸੇ ਵੀ ਪ੍ਰਾਣੀ ਦੇ ਮਨ ਮੰਦਰ ਨੂੰ ਠੇਸ ਪਹੁੰਚਾਉਣ ਦਾ ਕਾਰਨ ਬਣ ਸਕਦਾ ਹੋਵੇ। ਏਥੋਂ ਤਕ ਕਿ ਇਹ ਉਸ ਮਾਣ-ਮੱਤੇ ਵਰਗ ਨੂੰ ਵੀ ਪ੍ਰੇਮਮਈ ਬੋਲਾਂ ਨਾਲ ਸੰਬੰਧਿਤ ਹੁੰਦੇ ਹਨ ਜਿਨ੍ਹਾਂ ਦੀਆਂ ਸੰਕੀਰਨ ਰੁਚੀਆਂ ਕਾਰਨ ਦਲਿਤ ਵਰਗ ਨੂੰ ਸੰਤਾਪ ਭੋਗਣਾ ਪਿਆ।

ਆਪ ਜੀ ਦੀ ਬਾਣੀ ਦਾ ਦਲਿਤ ਪ੍ਰਸੰਗ, ਮਾਨਵ-ਚੇਤਨਾ ਵਿਚ ਸ੍ਵੈਮਾਨ ਦਾ ਅਹਿਸਾਸ ਜਗਾ ਕੇ ਮਾਨਵ-ਭਾਈਚਾਰੇ ਨੂੰ ਪ੍ਰੇਮ-ਬੰਧਨ ਵਿਚ ਜੋੜਨ ਦਾ ਕਾਰਜ ਕਰਦਾ ਹੈ। ਆਪ ਜੀ ਦੀ ਬਾਣੀ ਵਿਚਲੀ ਪ੍ਰੇਮ-ਬੰਧਨ ਵਾਲੀ ਜੁਗਤ, ਅੱਜ ਵੀ ਮਾਨਵ-ਜੀਵਨ ਵਿਚ ਧਾਰਨ ਕਰਨ ਦੀ ਅਤਿਅੰਤ ਲੋੜ ਹੈ। ਅਜਿਹਾ ਕਰਨ ਨਾਲ ਹੀ ਵਿਸ਼ਵੀਕਰਨ ਦੇ ਅਜੋਕੇ ਯੁੱਗ ਵਿਚ ਨਿੱਜ ਲਾਭਾਂ ਲਈ ਵੱਡੀਆਂ-ਵੱਡੀਆਂ ਪੁਲਾਂਘਾਂ ਪੁੱਟਣ ਲਈ ਮਾਨਵ-ਸੋਚ ਨੂੰ ਠੱਲ੍ਹ ਪਾਈ ਜਾ ਸਕਦੀ ਹੈ।

# ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240,**

**lubanabs@yahoo.co.in**

# ਵੱਡਾ ਘੱਲੂਘਾਰਾ : ਅਬਦਾਲੀ ਵੱਲੋਂ ਸਿੱਖਾਂ ਦੇ ਕਾਫਲੇ ’ਤੇ ਕਹਿਰੀ ਹਮਲਾ

**ਡਾ. ਹਰਚੰਦ ਸਿੰਘ ਸਰਹਿੰਦੀ**



ਜਿਸ ਕਿਸੇ ਨੇ ਵੀ ਸਿੱਖ ਇਤਿਹਾਸ ਨੂੰ ਗਹੁ ਨਾਲ ਪੜ੍ਹਿਆ ਹੈ ਜਾਂ ਇਸ ਕੌਮ ਦਾ ਗੰਭੀਰਤਾ ਨਾਲ ਅਧਿਐਨ ਕੀਤਾ ਹੈ ਉਹ ਇਸ ਤੱਥ ਤੋਂ ਬਾਖ਼ੂਬੀਵ ਾਕਿਫ਼ਹੋ ਵੇਗਾਂ ਕਿ ਪਛਲੇ3 00 ਸਾਲਾਂ ਦੌਰਾਨ ਜਿਹੜੇ ਕਹਿਰ ਤੇ ਤਬਾਹੀ ਦੇ ਤੂਫ਼ਾਨ ਸਿੱਖਾਂ ਨੇ ਆਪਣੇ ‘ਨੰਗੇ ਪਿੰਡੇ’ ’ਤੇ ਹੰਢਾਏ ਹਨ, ਉਹ ਆਪਣੀ ਮਿਸਾਲ ਆਪ ਹਨ। ਹੈਰਾਨੀ ਦੀ ਗੱਲ ਹੈ ਕਿ ਤਬਾਹੀ ਮਚਾਉਂਦੇ ‘ਝੱਖੜਾਂ ਤੇ ਤੂਫ਼ਾਨਾਂ’ ਦੇ ਲੰਘ ਜਾਣ ਤੋਂ ਬਾਅਦ ਸਿੱਖ ਜਲਦੀ ਹੀ ਆਪਣੇ ਆਪ ਨੂੰ ਮੁੜ ਜਥੇਬੰਦ ਕਰ ਲੈਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ ਅਤੇ ਫਿਰ ਕਿਸੇ ਹੋਰ ਤੂਫ਼ਾਨ ਨੂੰ ‘ਹਵਾਵਾਂ ਹੱਥ ਸੁਨੇਹੇ’ ਭੇਜਣ ਲਗਦੇ ਹਨ।

ਬਕੌਲ ਸ਼ਾਇਰ :

**ਲੋ ਹਮ ਨੇ ਬਨਾ ਲੀਆ ਹੈ ਨਯਾ ਫਿਰ ਸੇ ਆਸ਼ੀਆਂ !**
**ਯੇ ਬਾਤ ਜਾ ਕੇ ਫਿਰ ਕਿਸੀ ਤੂਫ਼ਾਨ ਸੇ ਕਹੋ !!**

ਦੂਜੀ ਗੱਲ ਇਹ ਹੈ ਕਿ ਤਸੀਹੇ ਤੇ ਤਬਾਹੀ ਦੇ ਤੂਫ਼ਾਨਾਂ ਵਿਚੋਂ ਗੁਜ਼ਰਦਿਆਂ, ਸਿੱਖ ਦਰਿਆ ਵਾਂਗੂੰ ਆਪਣਾ ਰਸਤਾ ਆਪ ਬਣਾਉਣਾ ਜਾਣਦੇ ਹਨ। ਸਿੱਖਾਂ ਨੂੰ ਆਪਣਾ ਇਹ ਹੁਨਰ ਮਾਲੂਮ ਹੈ। ਤਾਹੀਉਂ ਤਾਂ ਉਹ ਦਾਅਵਾ ਕਰਦੇ ਹਨ ਕਿ :

**ਹਮ ਭੀ ਦਰਿਆ ਹੈਂ, ਹਮੇਂ ਅਪਨਾ ਹੁਨਰ ਮਾਲੂਮ ਹੈ,**
**ਜਿਧਰ ਭੀ ਚਲ ਪੜੇਂਗੇ, ਰਸਤਾ ਹੋ ਜਾਏਗਾ।**

ਇਤਿਹਾਸ ਗਵਾਹ ਹੈ ਕਿ ਜਦੋਂ ਵੀ ਸਿੱਖ ਕੌਮ ਦੇ ਸਿਰ ’ਤੇ ਮੁਸੀਬਤਾਂ ਦੇ ਝੱਖੜ ਝੁੱਲੇ, ਕਾਲੀਆਂ-ਬੋਲੀਆਂ ਹਨ੍ਹੇਰੀਆਂ ਦੇ ਝਾਂਜੇ ਵਗੇ, ਕਹਿਰ ਬਰਸਾਉਂਦੀਆਂ ਅਸਮਾਨੀ ਬਿਜਲੀਆਂ ਡਿੱਗੀਆਂ ਅਤੇ ਧਾਰਮਿਕ ਕੱਟੜਵਾਦ ਨੇ ਖ਼ੂਨ ਦੀ ਹੋਲੀ ਖੇਡੀ ਤਾਂ ਸਿੱਖ ਕੌਮ ਦਾ ਚਿਹਰਾ ਸਾਬਤ ਸੂਰਤ ਅਤੇ ਪਿੰਡਾ ਪਹਿਲਾਂ ਨਾਲੋਂ ਵੀ ਵੱਧ ਨਿੱਖਰ ਕੇ ਸਾਹਮਣੇ ਆਇਆ। ਗੱਲ ਕੀ, ਸਿੱਖਾਂ ਨੇ ਹਰ ਹਾਲ ਆਪਣੀ ਹਸਤੀ ਨੂੰ ਬਰਕਰਾਰ ਰੱਖਿਆ। ਡਾ. ਇਕਬਾਲ ਦਾ ਨਿਮਨ ਦਰਜ ਸ਼ਿਅਰ ਇਸ ਤਵਾਰੀਖੀ ਸੱਚਾਈ ਨੂੰ ਬਿਆਨ ਕਰਨ ਲਈ ਖ਼ੂਬ ਰਹੇਗਾ :

**ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ,**
**ਸਦੀਓਂ ਰਹਾ ਹੈ ਦੁਸ਼ਮਨ, ਦੌਰੇ ਜ਼ਮਾਂ ਹਮਾਰਾ।**

ਉਂਝ ਤਾਂ ਲਹੂ ਨਾਲ ਲਥਪਥ ਸਿੱਖ ਇਤਿਹਾਸ ਆਪਣੀ ਬੁੱਕਲ ਵਿਚ ਅਜਿਹੀਆਂ ਬੇਮਿਸਾਲ ਗਾਥਾਵਾਂ, ਘਟਨਾਵਾਂ ਤੇ ਸ਼ਹੀਦੀ ਸਾਕਿਆਂ ਨੂੰ ਸਮੇਟੀ ਬੈਠਾ ਹੈ, ਜਿਨ੍ਹਾਂ ਨੂੰ ਪੜ੍ਹਨ ਤੇ ਸੁਣਨ ਵਾਲਾ ਵਿਅਕਤੀ ਆਪ-ਮੁਹਾਰੇ ਅਸ਼-ਅਸ਼ ਕਰ ਉੱਠਦਾ ਹੈ, ਪਰ ਪਿਛਲੇ 300 ਸਾਲਾਂ ਦੌਰਾਨ ਜਿਹੜੇ ਕਹਿਰ ਸਿੱਖਾਂ ਉੱਪਰ ਇਕ ਕੌਮ ਦੇ ਰੂਪ ਵਿਚ ਢਾਹੇ ਗਏ ਹਨ, ਉਨ੍ਹਾਂ ਵਿਚ ਵੱਡੇ ਘੱਲੂਘਾਰੇ ਦਾ ਉੱਭਰਵਾਂ ਸਥਾਨ ਹੈ। ਉਂਝ ਵੀ ਇਹ ਘਟਨਾ ਵਿਸ਼ੇਸ਼ ਇਤਿਹਾਸਕ ਮਹੱਤਵ ਰੱਖਦੀ ਹੈ। ਇਸ ਘਟਨਾ ਨੇ ਸਿੱਖਾਂ ਨੂੰ ਮੁਗ਼ਲਾਂ ਵਿਰੁੱਧ ਲਾਮਬੰਦ ਹੋਣ ਲਈ ਠੋਸ ਆਧਾਰ ਮੁਹੱਈਆ ਕੀਤਾ। ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਸਿੱਖ ਰਾਜ ਦੀ ਕਾਇਮੀ ਲਈ ਰਾਹ ਮੋਕਲਾ ਕੀਤਾ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ ’ਤੇ ਲਗਪਗ ਦਸ ਹਮਲੇ ਕੀਤੇ। ਲੁੱਟਮਾਰ ਦਾ ਮਾਲ ਲੈ ਕੇ ਜਦੋਂ ਅਬਦਾਲੀ ਦੀ ਮੁੜਦੀ ਫ਼ੌਜ ਪੰਜਾਬ ਵਿਚੋਂ ਦੀ ਗੁਜ਼ਰਦੀ ਤਾਂ ਸਿੱਖ ਕਈ ਪਾਸਿਆਂ ਤੋਂ ਛਾਪੇ ਮਾਰ ਕੇ ਉਸ ਦੇ ਲੁੱਟ ਦੇ ਮਾਲ ਦਾ ਭਾਰ ਹੌਲਾ ਕਰ ਦਿੰਦੇ ਅਤੇ ਕੈਦੀ ਲੜਕੀਆਂ ਨੂੰ ਛੁਡਾ ਕੇ ਉਨ੍ਹਾਂ ਦੇ ਘਰੋਂ-ਘਰੀਂ ਪਹੁੰਚਾ ਦਿੰਦੇ। ਇਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਨੂੰ ਹਰ ਵੇਰ ਨਮੋਸ਼ੀ ਦਾ ਮੂੰਹ ਵੇਖਣਾ ਪੈਂਦਾ ਸੀ। ਆਖ਼ਿਰ, ਉਸ ਨੇ ਸਿੱਖਾਂ ਨਾਲ ਉਚੇਚੇ ਤੌਰ ’ਤੇ ਸਿੱਝਣ ਦਾ ਮਨ ਬਣਾ ਲਿਆ। ਉਸ ਨੇ ਜੋ ਹਮਲਾ 1762 ਈ. ਵਿਚ ਕੀਤਾ ਉਸ ਦਾ ਮੁੱਖ ਉਦੇਸ਼ ਸਿੱਖਾਂ ਦੀ ਸ਼ਕਤੀ ਨੂੰ ਨਸ਼ਟ ਕਰਨਾ ਸੀ ਅਬਦਾਲੀ ਦੇ ਇਸ ਸਿੱਖ ਵਿਰੋਧੀ ਹਮਲੇ ਨੂੰ ਸਿੱਖ ਇਤਿਹਾਸ ਵਿਚ ‘ਵੱਡਾ ਘੱਲੂਘਾਰਾ’ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਅਤੇ ਇਹ ਉਸ ਦਾ ਛੇਵਾਂ ਹਮਲਾ ਸੀ। ਇਤਫ਼ਾਕਵੱਸ, ਇਹ ਅਠ੍ਹਾਰਵੀਂ ਸਦੀ ਦਾ ਉਹ ਕਾਲਾ ਦੌਰ ਸੀ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪੈਂਦੇ ਸਨ।

ਇਸ ਵੇਰ ਅਬਦਾਲੀ, ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਯੋਜਨਾ ਬਣਾ ਕੇ 18,000 ਬਲੋਚ ਧਾੜਵੀਆਂ ਨਾਲ ਨਮਾਜ਼ ਅਦਾ ਕਰਕੇ ਤੁਰਿਆ ਸੀ। ਅਬਦਾਲੀ ਦੇ ਇਸ ਭਰਮਪੂਰਣ ਪ੍ਰਚਾਰ ਕਿ ਕਾਫ਼ਰਾਂ ਨੂੰ ਤੈਅ ਤੇਗ਼ ਕਰਨਾ ਮੱਕਾ ਸ਼ਰੀਫ਼ ਦੀ ਜ਼ਿਆਰਤ ਦੇ ਬਰਾਬਰ ਹੈ, ਤੋਂ ਪ੍ਰਭਾਵਤ ਹੋ ਕੇ ਕੁਝ ਹੋਰ ਸੈਨਿਕ ਉਸ ਦੇ ਝੰਡੇ ਹੇਠ ਇਕੱਠੇ ਹੋ ਗਏ। ਇਸ ਤਰ੍ਹਾਂ 22,000 ਭੂਸਰੇ ਹੋਏ ਸੈਨਿਕਾਂ ਨਾਲ ਅਬਦਾਲੀ, ਜਨਵਰੀ 1762 ਈ. ਨੂੰ ਰਹੁਤਾਸ ਰਾਹੀਂ ਭਾਰਤ ਵਿਚ ਦਾਖ਼ਲ ਹੋਇਆ। ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਅਬਦਾਲੀ ਅਤੇ ਉਸਦੇ ਸੈਨਿਕਾਂ ਦੇ ਹੌਂਸਲੇ ਬੁਲੰਦ ਸਨ, ਕਿਉਂਕਿ ਅਜੇ ਪਿਛਲੇ ਸਾਲ ਹੀ 14 ਜਨਵਰੀ, 1761 ਈ. ਨੂੰ ਪਾਣੀਪਤ ਦੀ ਤੀਜੀ ਲੜਾਈ ਵਿਚ ਅਬਦਾਲੀ ਨੇ ਬਹਾਦਰ ਮਰਹਟਿਆਂ ਨੂੰ ਲੱਕ-ਤੋੜਵੀਂ ਸ਼ਿਕਸਤ ਦਿੱਤੀ ਸੀ।

ਲਾਹੌਰ 'ਤੇ ਕਬਜ਼ਾ ਕਰਨ ਉਪਰੰਤ ਅਬਦਾਲੀ ਨੇ ਸਿੱਖਾਂ ਨਲ ਟੱਕਰ ਲੈਣ ਲਈ ਲੁਧਿਆਣਾ ਵੱਲ ਕੂਚ ਕੀਤਾ। 4 ਫਰਵਰੀ, 1762 ਈ. ਨੂੰ ਉਹ ਲੁਧਿਆਣਾ ਪਹੁੰਚਿਆ ਅਤੇ 5 ਫਰਵਰੀ ਨੂੰ ਪਿੰਡ ਕੁੱਪ ਵਿਖੇ। ਪਿੰਡ ਕੁੱਪ, ਲੁਧਿਆਣਾ-ਧੂਰੀ ਰੇਲਵੇ ਲਾਈਨ 'ਤੇ ਮੰਡੀ ਅਹਿਮਦਗੜ੍ਹ ਤੇ ਮਾਲੇਰਕੋਟਲਾ ਸਟੇਸ਼ਨਾਂ ਵਿਚਕਾਰ ਸਥਿਤ ਹੈ। ਇਸ ਤਰ੍ਹਾਂ ਅਬਦਾਲੀ ਦੀਆਂ ਫ਼ੌਜਾਂ ਨੇ ਮਾਲੇਰਕੋਟਲਾ ਤੋਂ ਪੂਰਬ ਵੱਲ ਛੇ ਮੀਲ ਦੀ ਦੂਰੀ 'ਤੇ ਪਿੰਡ ਕੁੱਪ (ਕੁੱਪ-ਰਹੀੜਾ) ਲਾਗੇ ਸਿੱਖਾਂ ਨੂੰ ਘੇਰ ਲਿਆ। ਕੁਝ ਸਮੇਂ ਬਾਅਦ ਸਰਹਿੰਦ ਦਾ ਸੂਬੇਦਾਰ ਜ਼ੈਨ ਖ਼ਾਂ ਵੀ ਅਬਦਾਲੀ ਦੀ ਮਦਦ ਲਈ ਉੱਥੇ ਆ ਪਹੁੰਚਿਆ। ਕੁਝ ਹੋਰ ਸਥਾਨਕ ਮੁਗ਼ਲ ਨਵਾਬਾਂ ਨੇ ਵੀ ਅਹਿਮਦ ਸ਼ਾਹ ਅਬਦਾਲੀ ਦੀ ਮੱਦਦ ਕੀਤੀ।

ਸਿੱਖ ਉਸ ਵੇਲੇ ਬੱਚਿਆਂ, ਬੁੱਢਿਆਂ ਤੇ ਇਸਤਰੀਆਂ ਸਮੇਤ ਵਹੀਰ ਦੀ ਸ਼ਕਲ ਵਿਚ ਕਿਸੇ ਸੁਰੱਖਿਅਤ ਥਾਂ ਵੱਲ ਸਫ਼ਰ ਕਰ ਰਹੇ ਸਨ। ਇਕ ਅੰਦਾਜ਼ੇ ਅਨੁਸਾਰ ਉਸ ਵੇਲੇ ਸਿੱਖਾਂ ਦੀ ਸੰਖਿਆ, ਇਸਤਰੀਆਂ ਤੇ ਬੱਚਿਆਂ ਸਮੇਤ ਲਗਪਗ 50,000 ਸੀ। ਦਰਅਸਲ, ਸਿੱਖ ਉਸ ਸਮੇਂ ਕੁੱਪ ਵਿਖੇ ਡੇਰਾ ਲਾਈ ਬੈਠੇ ਸਨ ਅਤੇ ਉਹ ਲੜਾਈ ਲਈ ਤਿਆਰ ਨਹੀਂ ਸਨ, ਸਿੱਖਾਂ ਕੋਲ ਤਾਂ ਉਸ ਸਮੇਂ ਪੂਰੇ ਹਥਿਆਰ ਵੀ ਨਹੀਂ ਸਨ।

ਸਿੱਖਾਂ ਦਾ ਅੰਦਾਜ਼ਾ ਸੀ ਕਿ ਅਬਦਾਲੀ ਉਨ੍ਹਾਂ ਤੱਕ 6 ਜਾਂ 7 ਫਰਵਰੀ ਤੋਂ ਪਹਿਲਾਂ ਨਹੀਂ ਪਹੁੰਚ ਸਕੇਗਾ। ਪਰ ਅਬਦਾਲੀ ਨੇ ਲਗਪਗ 150 ਮੀਲਾਂ ਦਾ ਸਫ਼ਰ ਦੋ ਦਿਨਾਂ ਵਿਚ ਮੁਕਾ ਕੇ ਸਿੱਖਾਂ ਨੂੰ 'ਹੱਥਾਂ ਪੈਰਾਂ ਦੀ ਪਾ ਦਿੱਤੀ' ਸੀ (ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਅਬਦਾਲੀ ਨੇ ਇਹ ਸਫ਼ਰ ਕੇਵਲ 36 ਘੰਟਿਆਂ ਵਿਚ ਤੈਅ ਕੀਤਾ)। ਜ਼ਾਹਿਰ ਹੈ, ਅਬਦਾਲੀ ਨੇ ਇਹ ਕਹਿਰੀ ਹਮਲਾ ਬਹੁਤ ਗੁਪਤ ਅਤੇ ਫ਼ੁਰਤੀ ਨਾਲ ਕੀਤਾ। ਹਾਲਾਤ ਸਿੱਖਾਂ ਦੇ ਹੱਕ ਵਿਚ ਨਾ ਹੋਣ ਦੇ ਬਾਵਜੂਦ ਦਲ ਖ਼ਾਲਸਾ ਨੇ ਡਟ ਕੇ ਮੁਕਾਬਲਾ ਕੀਤਾ। (ਸੰਨ 1748 ਈ. ਵਿਚ ਸਿੱਖਾਂ ਦੀ ਸਮੁੱਚੀ ਸੈਨਾ ਦਾ ਸੰਗਠਨ ਹੋ ਗਿਆ ਸੀ, ਜਿਸ ਨੂੰ 'ਦਲ ਖ਼ਾਲਸਾ' ਕਿਹਾ ਜਾਂਦਾ ਸੀ।)

5 ਫਰਵਰੀ, 1762 ਈ. ਨੂੰ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨੇ ਪਿੰਡ ਕੁੱਪ ਲਾਗੇ ਸਿੱਖ ਵਹੀਰ ਨੂੰ ਘੇਰ ਲਿਆ ਅਤੇ ਸਿੱਖਾਂ 'ਤੇ ਜੋ ਕਹਿਰ ਵਾਪਰਿਆ ਉਸ ਨੂੰ ਸਿੱਖ ਇਤਿਹਾਸ ਵਿਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਸ ਭਿਆਨਕ ਸਥਿਤੀ ਵਿਚ ਦਲ ਖ਼ਾਲਸਾ ਦੀ ਕਮਾਂਡ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਚੜ੍ਹਤ ਸਿੰਘ ਸ਼ੁਕਰਚੱਕੀਆ (ਮਹਾਰਾਜਾ ਰਣਜੀਤ ਸਿੰਘ ਦਾ ਦਾਦਾ), ਸਰਦਾਰ ਜੱਸਾ ਸਿੰਘ ਰਾਮਗੜ੍ਹੀਆ, ਸਰਦਾਰ ਸਿਆਮ ਸਿੰਘ ਆਦਿ ਵਰਗੇ ਮਹਾਨ ਜਰਨੈਲ ਕਰ ਰਹੇ ਸਨ। ਰਿਆਸਤ ਪਟਿਆਲਾ ਦੇ ਬਾਨੀ ਬਾਬਾ ਆਲਾ ਸਿੰਘ ਨੇ ਵੀ ਇਸ ਯੁੱਧ ਵਿਚ ਸਿੱਖਾਂ ਦੀ ਸਹਾਇਤਾ ਕੀਤੀ।

ਬੇਸ਼ੱਕ ਇਸ ਯੁੱਧ ਵਿਚ ਸਿੱਖਾਂ ਦਾ ਬੜਾ ਭਾਰੀ ਜਾਨੀ ਨੁਕਸਾਨ ਹੋਇਆ ਪਰ ਉਨ੍ਹਾਂ ਨੇ ਵੈਰੀਆਂ ਦੇ ਕਹਿਰੀ ਹਮਲਿਆਂ ਦਾ ਅਨੋਖੀ ਬਹਾਦਰੀ, ਦਲੇਰੀ ਅਤੇ ਹੌਂਸਲੇ ਨਾਲ ਮੁਕਾਬਲਾ ਕੀਤਾ, ਇੱਥੋਂ ਤੱਕ ਕਿ ਸਰਹਿੰਦ ਦੇ ਸੂਬੇਦਾਰ ਜ਼ੈਨ ਖ਼ਾਂ ਦੀ ਇਕ ਫ਼ੌਜੀ ਟੁਕੜੀ, ਜੋ ਸਿੱਖਾਂ ਨੂੰ ਮੂਹਰਿਉਂ ਘੇਰ ਰਹੀ ਸੀ, ਨੂੰ ਹਰਾ ਕੇ ਮਾਲੇਰਕੋਟਲਾ ਵੱਲ ਭਜਾ ਦਿੱਤਾ। ਸਿੱਖਾਂ ਦੀ ਅਦੁੱਤੀ ਤੇ ਬੇਮਿਸਾਲ ਬਹਾਦਰੀ ਦਾ ਜ਼ਿਕਰ ਕਰਦਿਆਂ ਡਾ. ਹਰੀ ਰਾਮ ਗੁਪਤਾ ਆਪਣੀ ਪੁਸਤਕ, 'ਏ ਹਿਸਟਰੀ ਆਫ਼ ਦੀ ਸਿੱਖਸ', 'ਭਾਗ 1, ਪੰਨਾ 172 ਉੱਤੇ ਲਿਖਦਾ ਹੈ, "NOTHING COULD SURPASS THE HEROIC DARING, THE DOGGED TENACITY AND INVINCIBLE FORTITUDE OF THE SIKHS WHO HELD THEMSELVES WITH THEIR EXPOSED FLANKS AND OPEN REAR."

ਸਿੱਖਾਂ ਦੇ ਜਾਨੀ ਨੁਕਸਾਨ ਬਾਰੇ ਡਾ. ਐਨ.ਕੇ. ਸਿਨਹਾ ਅਤੇ ਡਾ. ਐੱਚ.ਆਰ. ਗੁਪਤਾ ਦਾ ਮਤ ਹੈ ਕਿ ਇਸ ਯੁੱਧ ਵਿਚ ਵੀਰਗਤੀ ਪ੍ਰਾਪਤ ਕਰਨ ਵਾਲੇ ਸਿੱਖਾਂ ਦੀ ਗਿਣਤੀ ਤਕਰੀਬਨ 12,000 ਸੀ, ਜਦੋਂ ਕਿ ਸਿੱਖ ਪੰਥ ਦੇ ਮਹਾਨ ਵਿਦਵਾਨ ਰਤਨ ਸਿੰਘ ਭੰਗੂ ਅਨੁਸਾਰ ਇਹ ਗਿਣਤੀ 30,000 ਸੀ। ਪਰ ਇਸ ਸਭ ਕਾਸੇ ਦੇ ਬਾਵਜੂਦ ਸਿੱਖ ਚੜ੍ਹਦੀ ਕਲਾ ਵਿਚ ਰਹੇ ਅਤੇ ਉਨ੍ਹਾਂ ਨੇ ਅਬਦਾਲੀ ਦੀ ਪੇਸ਼ ਨਾ ਜਾਣ ਦਿੱਤੀ। ਅੰਤ, ਸਿੱਖਾਂ ਦੇ ਹੌਂਸਲੇ ਤੋਂ ਭੈਅ-ਭੀਤ ਹੋ ਕੇ ਉਹ, ਰਾਤ ਦੇ ਹਨ੍ਹੇਰੇ ਤੋਂ ਲਾਭ ਉਠਾਉਂਦਿਆਂ, ਪਹਿਲਾਂ ਲਾਹੌਰ ਚਲਿਆ ਗਿਆ ਅਤੇ ਫਿਰ ਅਫ਼ਗਾਨਿਸਤਾਨ ਦਾ ਰਾਹ ਫੜਿਆ। ਚੇਤੇ ਰਹੇ! ਬਾਅਦ ਵਿਚ ਉਸ ਨੇ ਜੋ ਹਮਲੇ ਕੀਤੇ ਉਹ ਉਸ ਦੀ ਕਮਜ਼ੋਰੀ ਦਾ ਢੰਡੋਰਾ ਸਨ, ਸ਼ਕਤੀ ਦਾ ਨਗਾਰਾ ਨਹੀਂ।

ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਵੱਡੇ ਘੱਲੂਘਾਰੇ ਵਰਗੇ ਕਹਿਰੀ ਤੂਫ਼ਾਨ ਦੇ ਲੰਘ ਜਾਣ ਤੋਂ ਬਾਅਦ ਸਿੱਖਾਂ ਨੇ ਅਗਲੇ ਵਰ੍ਹੇ ਹੀ ਸੰਨ 1763 ਈ. ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਸਰਹਿੰਦ 'ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਵੱਡੇ ਘੱਲੂਘਾਰੇ ਵੇਲੇ ਅਬਦਾਲੀ ਦਾ ਸਾਥ ਦੇਣ ਵਾਲੇ ਜ਼ੈਨ ਖ਼ਾਂ (ਸੂਬਾ ਸਰਹਿੰਦ) ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਗੱਲ ਫਿਰ ਉਥੇ ਆ ਕੇ ਹੀ ਮੁੱਕਦੀ ਹੈ ਕਿ "ਕੁਛ ਬਾਤ ਹੈ ਕਿ ਹਸਤੀ ਮਿਟਤੀ ਨਹੀਂ ਹਮਾਰੀ...।" ਇਤਿਹਾਸ ਗਵਾਹ ਹੈ ਕਿ ਵੱਡੇ ਘੱਲੂਘਾਰੇ ਨੇ ਸਿੱਖ ਸ਼ਕਤੀ ਨੂੰ ਨਵਾਂ ਰੋਹ ਪ੍ਰਦਾਨ ਕੀਤਾ ਅਤੇ ਇਸ ਦੇ ਨਾਲ ਹੀ ਸਿੱਖ ਉਸ ਸ਼ਾਹ ਰਾਹ 'ਤੇ ਹੋ ਤੁਰੇ, ਜੋ ਉਨ੍ਹਾਂ ਨੂੰ ਸਿੱਧਾ ਸਿੱਖ ਰਾਜ ਦੀ ਕਾਇਮੀ ਵੱਲ ਲੈ ਜਾ ਰਿਹਾ ਸੀ।

**ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 'ਤੇ ਵਿਸ਼ੇਸ਼**

# ਮਾਂ ਬੋਲੀ ਪੰਜਾਬੀ




'ਮਾਂ' ਸ਼ਬਦ ਜਿਹਾ ਮਾਖਿਉਂ ਮਿੱਠਾ ਸ਼ਬਦ ਹੋਰ ਕਿਹੜਾ ਹੈ? ਬੱਚੇ ਦੇ ਮੁੱਖ ਤੋਂ ਨਿਕਲਿਆ 'ਮਾਂ' ਸ਼ਬਦ, ਜੇ ਮਾਂ ਦੇ ਸੀਨੇ ਠੰਢ ਪਾਉਂਦਾ ਹੈ ਤਾਂ ਬੱਚੇ ਨੂੰ ਵੀ ਤਾਂ ਉਹੋ ਜਿਹਾ ਸਕੂਨ ਦਿੰਦਾ ਹੈ 'ਮਾਂ' ਸ਼ਬਦ! ਮਾਂ ਦੀ ਗੋਦੀ ਦਾ ਨਿੱਘ ਲੈਂਦਿਆਂ, ਬੱਚੇ ਦੇ ਤੋਤਲੇ ਸ਼ਬਦ ਉਹਦੀ ਮਾਂ ਬੋਲੀ 'ਚ ਹੀ ਤਾਂ ਹੁੰਦੇ ਹਨ, ਮਿੱਠੇ-ਮਿੱਠੇ, ਪਿਆਰੇ-ਪਿਆਰੇ, ਅੱਧੇ-ਅਧੂਰੇ ਪਰ ਅਸਲੋਂ ਸੱਚੇ, ਨਿਰਛਲ, ਨਿਰਕਪਟ! ਪਰ ਇਹ ਸ਼ਬਦ ਜਦੋਂ ਉਮਰ ਲੰਘਦਿਆਂ ਭੁਲਾ ਦਿੱਤੇ ਜਾਂਦੇ ਹਨ, ਇਨ੍ਹਾਂ ਉੱਤੇ ਕਪਟੀ ਮੁਲੰਮਾ ਚੜ੍ਹਾ ਦਿੱਤਾ ਜਾਂਦਾ ਹੈ, ਤਦੋਂ ਬੱਚੇ ਦਾ ਹਾਸਾ ਵੀ ਬਨਾਉਟੀ ਬਣ ਜਾਂਦਾ ਹੈ, ਬੋਲ ਵੀ ਬਨਾਉਟੀ ਹੋ ਜਾਂਦੇ ਹਨ। ਮਾਂ ਬੋਲੀ ਪੰਜਾਬੀ ਨਾਲ ਵੀ ਪੰਜਾਬ ਦੇ ਆਪਣਿਆਂ ਇਹੋ ਧ੍ਰੋਹ ਕਮਾਇਆ ਹੈ। ਮਾਪਿਆਂ ਦਰੋਂ, ਘਰੋਂ ਬੱਚਿਆਂ ਤੋਂ ਪੰਜਾਬੀ ਨੂੰ ਦੂਰ ਕਰਨ ਦਾ ਯਤਨ ਕੀਤਾ ਹੈ, ਮੌਕੇ ਦੇ ਹਾਕਮਾਂ ਪੰਜਾਬੀ ਨੂੰ ਦਫ਼ਤਰਾਂ, ਕਾਰੋਬਾਰੀ ਥਾਵਾਂ ਤੋਂ ਦੂਰ ਕਰ ਦਿੱਤਾ ਹੈ। ਪੰਜਾਬ ਨਾਲ ਹੋ ਰਹੇ ਧੱਕਿਆਂ ਤੋਂ ਵੱਡਾ ਧੱਕਾ 'ਸਾਜ਼ਿਸ਼ਨ' ਪੰਜਾਬੀਆਂ ਨੂੰ ਮਾਂ ਬੋਲੀ ਪੰਜਾਬੀ ਤੋਂ ਦੂਰ ਕਰਨ ਦਾ ਹੈ, ਨਹੀਂ ਤਾਂ ਬੋਲੀ ਦੇ ਅਧਾਰ ਉੱਤੇ ਬਣੇ ਸੂਬੇ 'ਚ ਸਰਕਾਰੀ ਕੰਮਕਾਜ ਪੂਰੀ ਤਰ੍ਹਾਂ ਪੰਜਾਬੀ ਭਾਸ਼ਾ 'ਚ ਕਿਉਂ ਨਾ ਹੋਵੇ? ਕਿਉਂਪ 'ਜਾਬੀਨ ਾਲਪ 'ਜਾਬ' ਚਪ ਬਲਿਕ,ਮ ਾਡਲਸ ਕੂਲਾਂ' ਚ ਮਤਰੇਈ ਮਾਂ ਵਾਲਾ ਸਕੂਲ ਕੀਤਾ ਜਾਵੇ? ਕਿਉਂ ਇਨ੍ਹਾਂ ਸਕੂਲਾਂ 'ਚ ਬੱਚਿਆਂ ਦੀ ਤੋਤਲੀ ਜ਼ੁਬਾਨ ਉੱਤੇ ਜ਼ਹਿਰੀ ਮੁਲੰਮਾ ਚੜ੍ਹਾ ਕੇ ਉਨ੍ਹਾਂ ਨੂੰ ਆਪਣੀ ਮਾਂ ਤੋਂ ਦੂਰ ਕਰਨ ਦਾ ਕੋਝਾ ਕਰਮ ਕੀਤਾ ਜਾਵੇ? ਪਬਲਿਕ ਸਕੂਲਾਂ ਵਿਚ ਅੰਗਰੇਜ਼ੀ, ਹਿੰਦੀ ਦੀ ਵਰਤੋਂ ਨੂੰ ਪੰਜਾਬੀ ਦੇ ਮੁਕਾਬਲੇ ਤਰਜ਼ੀਹ ਦਿੱਤੀ ਜਾ ਰਹੀ ਹੈ। ਇਹੋ ਜਿਹੇ ਹਾਲਤ ਵਿਚ ਪੰਜਾਬੀ ਕਿਵੇਂ ਵਧੇ, ਫੁਲੇ?

ਭਗਵਾਨ ਸਿੰਘ ਲੁਬਾਣਾ
ਸੰਪਾਦਕ
98155-40240



ਅਸਲ ਵਿਚ ਪੰਜਾਬੀ ਮਾਂ ਬੋਲੀ ਦੀ ਇਸ ਦੁਰਦਸ਼ਾ ਲਈ ਮੁੱਖ ਤੌਰ 'ਤੇ ਪੰਜਾਬ ਦਾ ਸਿਆਸਤਦਾਨ ਅਤੇ ਅਸੀਂ ਆਪ ਵੀ ਦੋਸ਼ੀ ਹੈ! ਜਦੋਂ ਬੋਲੀ ਦੇ ਅਧਾਰ ਉੱਤੇ ਪੰਜਾਬੀ ਸੂਬਾ ਬਣਿਆ ਤਾਂ ਪੰਜਾਬੀ ਸਰਕਾਰੀ ਦਫ਼ਤਰਾਂ 'ਚ ਲਾਗੂ ਕਿਉਂ ਨਾ ਹੋਈ? ਜੇਕਰ ਪੰਜਾਬ ਵਿਚ ਪੰਜਾਬੀ ਨੂੰ ਪੂਰਾ ਮਾਣ ਤਾਣ ਮਿਲਦਾ, ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿਚ ਇਸ ਦੀ ਪੂਰੀ ਤਰ੍ਹਾਂ ਵਰਤੋਂ ਹੁੰਦੀ, ਸਰਕਾਰੀ, ਪ੍ਰਾਈਵੇਟ, ਸਕੂਲਾਂ, ਮਾਡਲ ਪਬਲਿਕ ਸਕੂਲਾਂ, ਯੂਨੀਵਰਸਿਟੀਆਂ 'ਚ ਇਹ ਪੂਰੀ ਤਰ੍ਹਾਂ ਲਾਗੂ ਕੀਤੀ ਜਾਂਦੀ। ਤ੍ਰੈ-ਭਾਸ਼ੀ ਫਾਰਮੂਲੇ ਨੂੰ ਐਵੇਂ ਹੀ ਪੰਜਾਬ 'ਚ ਘੁਸੇੜਿਆ ਨਾ ਜਾਂਦਾ ਤਾਂ ਅੱਜ ਪੰਜਾਬੀ, ਪੰਜਾਬ 'ਚ ਕਾਰੋਬਾਰੀ ਭਾਸ਼ਾ ਹੁੰਦੀ, ਕਿਉਂਕਿ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਜਦ ਸਰਕਾਰੇ ਦਰਬਾਰੇ ਪੰਜਾਬੀ ਬੋਲੀ 'ਚ ਹੀ ਆਪਣੇ ਕੰਮ ਕਰਵਾਉਣੇ ਪੈਂਦੇ ਤਾਂ ਉਹ ਆਪਣੇ-ਆਪ ਪੰਜਾਬੀ ਭਾਸ਼ਾ ਦੀ ਵਰਤੋਂ ਕਰਦੇ। ਡੁਲ੍ਹੇ ਬੇਰਾਂ ਦਾ ਹਾਲੀ ਵੀ ਕੁਝ ਨਹੀਂ ਵਗੜਿਆ,ਅ ਾਪਣੀਮ ਾਂਬ ੋਲੀ ਪੰਜਾਬੀ ਨੂੰ ਪੰਜਾਬ 'ਚ ਮੁੜ ਪਟਰਾਣੀ ਬਨਾਉਣ ਲਈ ਹੰਭਲਾ ਮਾਰਨ ਦੀ ਜ਼ਰੂਰਤ ਹੈ। ਯੂਨੈਸਕੋ ਵੱਲੋਂ ਇਸ ਵਰ੍ਹੇ 21 ਫਰਵਰੀ 2017 ਨੂੰ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਦੁਨੀਆਂ ਭਰ 'ਚ ਵੱਡੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਪੰਜਾਬੀ ਪਿਆਰੇ ਇਸ ਦਿਨ ਇਕੱਠੇ ਹੋ ਕੇ ਆਪਣੀ 'ਮਾਂ' ਨੂੰ ਯਾਦ ਹੀ ਨਾ ਕਰਨ, ਉਸਨੂੰ ਸੱਚੇ ਮਨੋਂ ਪਿਆਰ ਵੀ ਕਰਨ ਅਤੇ ਆਪਣੇ ਬੱਚਿਆਂ ਨੂੰ ਮਾਂ ਬੋਲੀ ਨਾਲ ਜੋੜਨ ਅਤੇ ਜੁੜੇ ਰੱਖਣ ਦਾ ਪ੍ਰਣ ਕਰਨ।

ਕਹਾਣੀ

# ਨੌਕਰ

ਅਮਰੀਕ ਸਿੰਘ

**ਬਲਰਾਮ** : ਕਿਸ਼ਨ ਤੇਰਾ ਕੀ ਹਾਲ ਹੈ! ਅੱਜ ਬੜੀ ਦੇਰ ਬਾਦ ਨਾਲ ਮਿਲਣ ਆਇਆ ਹੈਂ। ਸੁਖ ਸ਼ਾਂਤ ਤਾਂ ਹੈ ਨਾ। ਅਸੀਂ ਪਰਦੇਸ ਤੋਂ ਇਥੇ ਆਏ ਹਾਂ। ਸਾਡਾ ਇਲਾਕਾ ਵੀ ਇਕ ਹੀ ਹੈ। ਸੋ ਤੇਰੇ ਨਾਲ ਗੱਲ ਕਰਕੇ ਮੈਨੂੰ ਚੰਗਾ ਲਗਦਾ ਹੈ। ਮੇਰਾ ਮਾਲਕ ਬੜਾ ਖੁਲ ਦਿਲ ਵਾਲਾ ਹੈ। ਜੇ ਕੋਈ ਕੰਮ ਨਾ ਹੋਵੇ ਤਾਂ ਕਹਿ ਦਿੰਦਾ ਹੈ ਕਿ ਬਲਰਾਮ ਜਾ ਫਿਰ ਤੁਰ ਆ। ਮੈਂ ਤਾਂ ਇਹ ਸਮਝ ਸਕਿਆ ਹਾਂ ਕਿ ਘਰ ਵਿਚ ਨੌਕਰੀ ਕਰਨਾ ਬੜੀ ਜ਼ਿੰਮੇਵਾਰੀ ਦਾ ਅਤੇ ਬਹੁਤ ਹੀ ਅਹਿਮ ਕੰਮ ਹੈ। ਜੇ ਕੋਈ ਘਟੀਆ ਜਾ ਤੁੱਛ ਸਮਝੇ ਤਾਂ ਉਹ ਇਸ ਕੰਮ ਨੂੰ ਨਹੀਂ ਨਿਭਾ ਸਕੇਗਾ।

**ਕਿਸ਼ਨ** : ਹਾਂ, ਬਲਰਾਮ। ਮੈਂ ਵੀ ਚੰਗਾ ਨੌਕਰ ਬਨਣਾ ਚਾਹੁੰਦਾ ਹਾਂ। ਪਰ ਹਰ ਰੋਜ਼ ਕੁਝ ਨਾ ਕੁਝ ਤਰੁੱਟੀਆਂ ਰਹਿ ਜਾਂਦੀਆਂ ਹਨ। ਬੜੀ ਵਾਰ ਸੰਕਲਪ ਕੀਤਾ ਹੈ ਕਿ ਮਾਲਕ ਅਤੇ ਮਾਲਕਣ ਦੀਆਂ ਗੱਲਾਂ ਵਿਚ ਦਖ਼ਲ ਅੰਦਾਜ਼ ਨਾ ਕਰਿਆ ਕਰਾਂ। ਪਰ ਕਦੀ ਹੋ ਹੀ ਜਾਂਦਾ ਹੈ ਮਿਸਾਲ ਦੇ ਤੌਰ ਤੇ ਜਦੋਂ ਮਾਲਕਣ ਜਾ ਮਾਲਕ ਛੋਟੇ ਬਚਿਆਂ ਨੂੰ ਡਾਂਟਦੇ ਹਨ ਤਾਂ ਦਿਲ ਦੁਖਦਾ ਹੈ ਅਤੇ ਕਹਿ ਦਿੰਦਾ ਹਾਂ ਕਿ ਬੱਚਿਆਂ ਨੂੰ ਪਿਆਰ ਨਾਲ ਕਿਹਾ ਕਰੋ ਜੀ। ਉਹ ਕਹਿੰਦੇ ਹਨ ਤੈਨੂੰ ਕੀ ਪਤਾ ਹੈ ਅਸੀਂ ਬੜੀ ਵਾਰੀ ਕਿਸੇ ਕੰਮ ਤੋਂ ਟੋਕਦੇ ਹਾਂ ਪਰ ਪਿਆਰ ਨਾਲ ਨਹੀਂ ਮੰਨਦੇ ਹਨ। ਮੇਰੇ ਕਹੇ ਦਾ ਬੁਰਾ ਮਨਾਉਂਦੇ ਹਨ। ਉਹਨਾਂ ਦੀ ਗਲ ਠੀਕ ਹੈ ਮੈਂ ਕਿਉ ਵਿਚ ਬੋਲਾਂ। ਸਕੂਲ ਜਾਣ ਤੋਂ ਪਹਿਲਾਂ ਬਚੇ ਹੌਲੀ-ਹੌਲੀ ਖਾਂਦੇ ਹਨ, ਹੌਲੀ ਤਿਆਰ ਹੁੰਦੇ ਹਨ ਤਾਂ ਮਾਲਕਣ ਬੱਚਿਆਂ ਨੂੰ ਬੜਾ ਡਾਂਟਦੀ ਹੈ। ਮੈਂ ਦੂਸਰੇ ਕਮਰੇ ਵਲ ਚਲਾ ਜਾਂਦਾ ਹਾਂ ਕਿਉਂਕਿ ਮੇਰੇ ਕੋਲੋਂ ਸੁਣਿਆ ਨਹੀਂ ਜਾਂਦਾ ਹੈ। ਬੱਚੇ ਬੜੇ ਕੋਮਲ ਅਤੇ ਪਿਆਰੇ ਹਨ। ਤੂੰ ਹੀ ਦਸ ਕੀ ਕਰਿਆ ਕਰਾਂ?

**ਬਲਰਾਮ** : ਤੂੰ ਬਿਲਕੁਲ ਠੀਕ ਕਰਦਾ ਹੈਂ। ਹਾਂ, ਚੁੱਪ ਰਹਿਣਾ ਬੜਾ ਔਖਾ ਹੈ ਪਰ ਧਿਆ ਲੈ ਕਿ ਚੁੱਪ ਹੀ ਚੰਗੀ ਹੈ। ਉਹ ਨੌਕਰ ਕਾਹਦਾ ਜਿਹੜਾ ਦਖ਼ਲ ਅੰਦਾਜ਼ੀ ਕਰੇ। ਯਾਰ ਮੇਰੇ ਮਾਲਕ ਅਤੇ ਮਾਲਕਣ ਦੀ ਆਪਸ ਵਿਚ ਨਹੀਂ ਬਣਦੀ। ਮਾਲਕ ਤੇ ਠੰਡੇ ਸੁਭਾਅ ਦਾ ਹੈ ਪਰ ਮਾਲਕਣ ਕਹਿੰਦੀ ਹੈ ਘਰ ਦਾ ਕੰਮ ਵੀ ਮੇਰੇ ਨਾਲ ਕਰਾਇਆ ਕਰੋ। ਦਸਵੀਂ ਵਿਚ ਲੜਕਾ ਹੈ। ਉਹ ਕਈ ਸਾਲ ਬੀਮਾਰ ਵੀ ਰਿਹਾ ਹੈ ਹੁਣ ਤਕਰੀਬਨ ਠੀਕ ਹੈ। ਉਹਨਾਂ ਦੋਨਾਂ ਨੇ ਬਚੇ ਨੂੰ ਹਸਪਤਾਲ ਲੈ ਕੇ ਜਾਣਾ, ਦੁਆਈ ਦੇਣਾ, ਖਾਣਾ ਕਿਹੋ ਜਿਹਾ ਹੋਵੇ ਆਦਿ ਬੜਾ ਔਖਾ ਵਕਤ ਲੰਘਾਇਆ ਹੈ। ਬੱਚਾ ਇਸ ਕਰਕੇ ਪੜ੍ਹਾਈ ਵਿਚ ਥੋੜ੍ਹਾ ਪਿੱਛੇ ਹੈ। ਪਰ ਤਾਂ ਕੀ ਇਕ ਸਾਲ ਵਾਧੂ ਵੀ ਲਾ ਲਵੇ ਤਾਂ ਕੋਈ ਵੱਡੀ ਗੱਲ ਨਹੀਂ ਹੈ। ਪਰ ਬੱਚਾ ਕਹਿੰਦਾ ਹੈ ਮੈਂ ਸਾਲ ਖ਼ਰਾਬ ਨਹੀਂ ਕਰਨਾ ਹੈ। ਉਸਦਾ ਧਿਆਨ ਪੜ੍ਹਾਈ ਵਿਚ ਘੱਟ ਹੈ ਅਤੇ ਮਾਲਕ ਉਸਨੂੰ ਨੂੰ ਰੋਜ਼ ਪੜ੍ਹਾਉਂਦੇ ਹਨ। ਬੱਚੇ ਨੂੰ ਪੜ੍ਹਾਉਣਾ ਬੜੇ ਧੀਰਜ ਦਾ ਕੰਮ ਹੈ ਜੋ ਸਿਰਫ ਮਾਲਕ ਹੀ ਕਰ ਸਕਦਾ ਹੈ। ਮਾਲਕਣ ਤੇਜ ਅਤੇ ਕਾਹਲੇ ਸੁਭਾਅ ਦੀ ਹੈ। ਬੱਚੇ ਨੂੰ ਪੜ੍ਹਾਉਣਾ ਉਹਦੇ ਵੱਸ ਦਾ ਰੋਗ ਨਹੀਂ ਹੈ। ਦੋਵੇਂ ਜਣੇ ਚੰਗੀ ਨੌਕਰੀ ਤੇ ਹਨ ਅਤੇ ਮੈਨੂੰ ਘਰ ਦਾ ਕੰਮ ਕਰਨ ਲਈ ਰਖਿਆ ਹੈ। ਪਰ ਦੋਵਾਂ ਦੀ ਘੱਟ ਬਨਦੀ ਹੈ। ਕਈ ਸਾਲਾਂ ਤੋਂ ਕਾਫੀ ਆਪਸ ਵਿਚ ਖਿਚੋਤਾਣ ਵਿਚ ਰਹੇ ਪਰ ਹੁਣ ਕੁਝ ਠੀਕ ਹਨ। ਮਾਲਕ ਸਿਆਣਾ ਹੈ ਉਸਦੇ ਬੜੇ ਚੰਗੇ-ਚੰਗੇ ਦੋਸਤ ਹਨ। ਮਿਲਾਪੜਾ ਹੈ ਦੋਸਤੀ ਬਣਾਉਣੀ ਉਸਨੂੰ ਆਉਂਦੀ ਹੈ। ਮਾਲਕਣ ਦਾ ਸੁਭਾਅ ਇੰਨਾ ਠਹਿਰਿਆ ਨਹੀਂ ਹੈ। ਪਰ ਬੜੀ ਲਾਇਕ ਅਤੇ ਕੰਮ ਵਿਚ ਬੜੀ ਚੁਸਤ ਹੈ। ਘਰ ਦਾ ਵੀ ਕੋਈ ਕੰਮ ਜੇ ਆਪ ਕਰਨਾ ਹੋਵੇ ਤਾਂ ਬੜੀ ਜਲਦੀ ਨਿਬੇੜ ਦਿੰਦੀ ਹੈ। ਸੌਦਾ ਸੂਤਰ, ਬੱਚਿਆਂ ਵਾਸਤੇ ਸਕੂਲ ਦਾ ਸਮਾਨ ਅਤੇ ਹੋਰ ਖਰੀਦਦਾਰੀ ਆਪ ਕਰਦੀ ਹੈ। ਮਾਲਕ ਕਹਿੰਦਾ ਹੈ ਜੋ ਤੂੰ ਕਰ ਰਹੀ ਹੈਂ ਸਭ ਠੀਕ ਹੈ, ਬੜਾ ਚੰਗਾ ਹੈ। ਕਿਤਾਬਾਂ ਆਦਿ ਪੜ੍ਹਣ ਵਿਚ ਉਨ੍ਹਾਂ ਦੀ ਬੜੀ ਰੁਚੀ ਹੈ। ਮੈਨੂੰ ਬੜੀਆਂ ਚੀਜ਼ਾਂ ਦੱਸਦੇ ਹਨ ਅੱਜ ਮੈਂ ਇਹ ਪੜ੍ਹਿਆ ਅੱਜ ਇਹ ਆਦਿਕ।

**ਕਿਸ਼ਨ** : ਬਲਰਾਮ! ਅੱਜ ਕੱਲ੍ਹ ਮੈਨੂੰ ਇਕ ਚੰਗਾ ਨੌਕਰ ਬਨਣ ਦੀ ਧੁੰਨ ਲਗੀ ਹੋਈ ਹੈ। ਪਹਿਲੀ ਗੱਲ ਕਿ ਮਾਲਕ ਅਤੇ ਮਾਲਕਣ ਕਿਸ ਤਰ੍ਹਾਂ ਆਪਸ ਵਿਚ ਜਾ ਬੱਚਿਆਂ ਨਾਲ ਵਿਵਹਾਰ ਕਰਦੇ ਹਨ; ਪਏ ਕਰਨ, ਮੈਨੂੰ ਕਿਉਂ ਖਿਝਣ ਆਵੇ? ਮੈਂ ਬਿਲਕੁਲ ਨਹੀ ਖਿਝਿਆ ਕਰਾਂਗਾ। ਵੇਲੇ ਸਿਰ ਕੰਮ ਨਬੇੜਿਆ ਕਰਾਂਗਾ। ਮਿੱਠੀ ਤੋਂ ਮਿੱਠੀ ਬੋਲੀ ਬੋਲਿਆ ਕਰਾਂਗਾ। ਬੱਚਿਆਂ ਨੂੰ ਪਿਆਰ ਕਰਨ ਅਤੇ ਉਹਨਾਂ ਦਾ ਦਿਲ ਪਰਚਾਵੇ ਲਈ ਕੋਈ ਕਸਰ ਨਹੀਂ ਛੱਡਾਂਗਾ। ਵਫ਼ਾਦਾਰ, ਭਰੋਸੇ ਯੋਗ ਅਤੇ ਉਹਨਾਂ ਦਾ ਸ਼ੁਭਚਿੰਤਕ ਬਣ ਕੇ ਰਹਾਂਗਾ। ਘਰ ਛੁਟੀ ਜਾਣ ਲਈ ਜੋ ਮਹੀਨੇ ਉਹਨਾਂ ਲਈ ਢੁੱਕਵੇਂ ਹੋਣ ਉਦੋਂ ਹੀ ਜਾਇਆ ਕਰਾਂਗਾ।

**ਬਲਰਾਮ** : ਭਾਵੇਂ ਤੂੰ ਮੇਰੇ ਨਾਲੋਂ ਛੋਟਾ ਹੈਂ ਪਰ ਤੂੰ ਬੜੀ ਚੰਗੀ ਸੋਚ ਵਾਲਾ ਹੈਂ। ਜੋ ਕੰਮ ਮਿਲੇ ਪੂਰੀ ਦਿਆਨਤਦਾਰੀ ਨਾਲ ਬੰਦੇ ਨੂੰ ਕਰਨਾ ਚਾਹੀਦਾ ਹੈ। ਭਾਵੇਂ ਉਹ ਜਮਾਦਾਰ ਹੈ, ਸਫਾਈ ਸੇਵਕ ਹੈ, ਨੌਕਰ ਹੈ ਭਾਵੇਂ ਜੋ ਵੀ ਹੋਵੇ ਉਸ ਨੂੰ ਦੁਨੀਆਂ ਦਾ ਸਭ ਤੋਂ ਬੇਹਤਰ ਉਹ ਕਰਿੰਦਾ ਬਨਣਾ ਹੋਵੇਗਾ ਤਾਂ ਕਿ ਉਸ ਨੂੰ ਉਹ ਕਿਸੇ ਇੰਜੀਨੀਅਰ ਜਾਂ ਡਾਕਟਰ ਜਾਂ ਹੋਰ ਵੱਡੇ ਅਹੁਦੇਦਾਰ ਤੋਂ ਘੱਟ ਨਹੀ ਹੈ। ਮੈਂ ਵੀ ਤੇਰੀਆਂ ਗਲਾਂ ਨੂੰ ਗ੍ਰਹਿਣ ਕਰਾਂਗਾ।

**ਕਿਸ਼ਨ** : ਮੈਂ ਇਕ ਦਿਨ ਆਪਣੇ ਮਾਲਕ ਨੂੰ ਮਾਲਕਣ ਨਾਲ ਗੱਲਾਂ ਕਰਦੇ ਸੁਣਿਆ। ਉਹਨਾਂ ਨੇ ਕਿਹਾ ਕਿ, "ਮੈਂ ਗਜਟਿਡ ਅਹੁਦੇ ਤੋਂ ਨੌਕਰੀ ਸ਼ੁਰੂ ਕੀਤੀ ਅਤੇ ਮੇਰੇ ਪਹਿਲੇ ਅਫਸਰ ਨੇ ਮੈਨੂੰ ਤਿੰਨ ਸਾਲ ਵਿਚ ਤਿੰਨ ਰਿਪੋਰਟਾਂ ਬਹੁਤ ਚੰਗੀਆਂ ਦਿੱਤੀਆਂ। ਮੇਰੀ ਤਰੱਕੀ ਹੋ ਗਈ ਅਤੇ ਫਿਰ ਉਸ ਨਵੇਂ ਅਫਸਰ ਦੇ ਅਧੀਨ ਸੱਤ ਸਾਲ ਕੰਮ ਕੀਤਾ ਅਤੇ ਉਹਨਾਂ ਨੇ ਮੈਨੂੰ ਬੜਾ ਕੰਮ ਸਿਖਾਇਆ। ਚੰਗੀਆਂ ਰਿਪੋਰਟਾਂ ਵੀ ਦਿੱਤੀਆਂ। ਇਕ ਹੋਰ ਤਰੱਕੀ ਹੋਈ ਅਤੇ ਜੋ ਉਸ ਵਕਤ ਦਾ ਮੇਰਾ ਅਫਸਰ ਬੜਾ ਕਰਖਤ ਸੀ। ਪਰ ਮੈਂ ਇਹ ਧਾਰ ਲਿਆ ਕਿ ਸ਼ਾਂਤ ਰਹਾਂਗਾ। ਮੈਂ ਉਸਦੇ ਰੁੱਖੇ ਅਤੇ ਕਰਖਤ ਪੁਣੇ ਨੂੰ ਹੋਰ ਬਰਦਾਸ਼ਤ ਨਹੀਂ ਕਰਨਾ ਚਾਉਂਦਾ ਸੀ ਅਤੇ ਛੇ ਮਹੀਨੇ ਬਾਦ ਸਿਫ਼ਾਰਿਸ਼ ਨਾਲ ਉਥੋਂ ਆਪਣੀ ਬਦਲੀ ਕਰਵਾ ਲਈ। ਬਦਲੀ ਹੋਣ ਤੇ ਉਹ ਬੜੇ ਨਰਾਜ਼ ਹੋਏ। ਕਹਿਣ ਲਗੇ ਕਦੇ ਮੈਨੂੰ ਪਤਾ ਹੁੰਦਾ ਕਿ ਤੂੰ ਬਦਲੀ ਕਰਾ ਰਿਹਾ ਹੈਂ ਤਾਂ ਹਰਗਿਜ਼ ਨਾਂ ਹੋਣ ਦਿੰਦਾ ਅਤੇ ਮੇਰੀਆਂ ਕੁਝ ਸਿਫਤਾਂ ਕੀਤੀਆਂ। ਦਿਲ ਵਿਚ ਸੋਚਿਆ, ਕਾਸ਼! ਕਦੀ ਪਹਿਲਾਂ ਸਿਫਤ ਕੀਤੀ ਹੁੰਦੀ ਮੇਰੀ ਜਗਾ

ਤੇ ਜਿਹੜਾ ਆਇਆ ਉਹ ਦੋ-ਤਿੰਨ ਦਿਨਾਂ ਵਿਚ ਹੀ ਅਫਸਰ ਦੇ ਅਗੇ ਬੋਲ ਪਿਆ। ਉਹਨਾਂ ਦੋਨਾਂ ਦੀਆਂ ਮਹਿਕਮੇ ਨੇ ਬਦਲੀਆਂ ਕਰ ਦਿੱਤੀਆਂ। ਮੇਰੇ ਹੁਣ ਦੇ ਅਫਸਰ ਬਹੁਤ ਹੀ ਸ਼ਾਨ ਵਾਲੇ ਸਨ। ਮੈਨੂੰ ਕਦੇ ਕੁਛ ਨਾਂ ਕਹਿੰਦੇ, ਕੰਮ ਵੀ ਮੇਰਾ ਘਟ ਤੋਂ ਘਟ ਦੇਖਦੇ। ਕਹਿੰਦੇ ਕਿ, "ਮੈਨੂੰ ਕਾਹਦਾ ਫਿਕਰ ਹੈ, ਤੁਸੀਂ ਸਭ ਕੰਮ ਟੀਚੇ ਤੋਂ ਪਹਿਲਾਂ ਕਰ ਲੈਂਦੇ ਹੋ। ਸਾਡਾ ਸਭ ਦਾ ਨਿਜੀ ਖਿਆਲ ਰੱਖਦੇ। ਕਦੀ ਜਤਾਉਂਦੇ ਨਾਂ ਕਿਸੇ ਨੂੰ ਵੀ ਕਿ ਮੈਂ ਤੇਰੀ ਮਦਦ ਕੀਤੀ ਹੈ। ਉਹਨਾਂ ਵਰਗਾ ਅਫਸਰ ਮਿਲਣਾ ਮੇਰੀ ਇਕ ਅਭੁੱਲ ਯਾਦ ਹੈ। ਮੇਰੇ ਮਾਲਕ ਕਹਿੰਦੇ ਹਨ ਰੱਬ ਨੇ ਜੋ ਮੇਰੀ ਉਕਤਾ ਹੈ ਉਸ ਤੋਂ ਕਿਧਰੇ ਜ਼ਿਆਦਾ ਦਿੱਤਾ ਹੈ ਮੈਨੂੰ। ਕਹਿੰਦੇ ਹਨ ਕਿਸਮਤ ਬੜੀ ਚੀਜ਼ ਹੈ।

**ਬਲਰਾਮ** : ਕਿਸ਼ਨ ਤੇਰੇ ਮਾਲਕ ਦੀ ਗੱਲ ਠੀਕ ਹੈ। ਕੋਈ ਗੱਲ ਨਹੀਂ ਨੌਕਰੀ ਭਾਵੇ ਛੋਟੀ ਹੋਵੇ ਤੇ ਭਾਵੇ ਵੱਡੀ। ਸਾਨੂੰ ਆਪਣੀ ਪੂਰੀ ਕਾਬਲੀਅਤ ਨਾਲ, ਇਮਾਨਦਾਰੀ ਨਾਲ ਅਤੇ ਪਿਆਰ ਨਾਲ ਜ਼ਿੰਮੇਵਾਰੀ ਨਿਭਾਣੀ ਚਾਹੀਦੀ ਹੈ। ਕਈ ਕਾਮਯਾਬੀ ਹਾਸਲ ਕਰਣ ਲਈ ਆਪਣੇ ਚੰਗੇ ਅਸੂਲਾਂ ਦੀ ਕੁਰਬਾਨੀ ਕਰ ਦਿੰਦੇ ਹਨ; ਕਾਮਯਾਬ ਸ਼ਾਇਦ ਹੋ ਜਾਣ ਪਰ ਉਸ ਕਾਮਯਾਬੀ ਦੀ ਖੁਸ਼ੀ ਕਦੀ ਨਹੀਂ ਪਾ ਸਕਣਗੇ। ਅੰਦਰੋਂ ਹੀ ਚੁਪ-ਚਾਪ ਕੋਈ ਮੰਨ ਵਿਚ ਆਵਾਜ਼ ਆਉਂਦੀ ਰਹੇਗੀ ਕਿ ਤੂੰ ਠੀਕ ਨਹੀਂ ਕੀਤਾ ਹੈ। ਉਹ ਆਵਾਜ਼ ਉਸਨੂੰ ਕੋਸੇਗੀ। ਹਾਂ, ਪਸ਼ਚਾਤਾਪ ਇੰਨਾ ਹੀ ਠੀਕ ਹੈ ਕਿ ਅਗੋਂ ਤੋਂ ਤੋਬਾ ਕਰ ਲੈਣਾ ਕਿ ਇਹੋ ਜਿਹਾ ਕਰਮ ਮੈਂ ਫਿਰ ਨਹੀਂ ਕਰਾਂਗਾ। ਕਿਸ਼ਨ ਸੁਣ ਯਾਰ; ਇਕ ਮਹਾਂਪੁਰਸ਼ ਕੱਲ ਫ਼ਰਮਾ ਰਹੇ ਸਨ। ਕ੍ਰਿਸ਼ਨ ਜੀ ਮਹਾਰਾਜ ਮਹਾਂਭਾਰਤ ਦੀ ਲੜਾਈ ਵਿਚ ਅਰਜਨ ਨੂੰ ਹੁਕਮ ਦੇ ਰਹੇ ਸਨ ਕਿ ਚੁਕ ਤੀਰ ਕਮਾਨ ਅਤੇ ਚਲਾ। ਅਰਜਨ ਨੇ ਕਿਹਾ ਤੁਸੀਂ ਮੇਰੇ ਆਪਣਿਆਂ ਉਪਰ ਤੀਰ ਚਲਾਉਣ ਲਈ ਕਹਿ ਰਹੇ ਹੋ। ਮੈਂ ਉਹਨਾਂ ਨੂੰ ਜੇ ਮਾਰਾਂ ਤਾਂ ਮੈਂ ਪਾਪ ਦਾ ਭਾਗੀਦਾਰ ਹੋਵਾਂਗਾ। ਇਸ ਲਈ ਮੈਂ ਤੀਰ ਨਹੀਂ ਚਲਾਵਾਂਗਾ। ਕ੍ਰਿਸ਼ਨ ਜੀ ਮਹਾਰਾਜ ਨੇ ਕਿਹਾ ਜਿਸ ਤਰਾਂ ਮੈਂ ਕਹਿੰਦਾ ਹਾਂ ਬਸ ਕਰ। ਅਰਜਨ ਨੇ ਕਿਹਾ ਮੈਂ ਇਹ ਪਾਪ ਨਹੀਂ ਕਰਾਂਗਾ। ਫਿਰ ਕ੍ਰਿਸ਼ਨ ਜੀ ਮਹਾਰਾਜ ਕਹਿੰਦੇ ਹਨ ਮੇਰਾ ਹੁਕਮ ਮੰਨ ਬਸ ਤੀਰ ਚਲਾ। ਮੈਂ ਤੇਰਾ ਰਥਵਾਨ ਹਾਂ। ਅਰਜਨ ਤੀਰ ਥੱਲੇ ਰੱਖ ਦਿੰਦਾ ਹੈ। ਨਹੀਂ ਮੰਨਦਾ। ਕ੍ਰਿਸ਼ਨ ਜੀ ਮਹਾਰਾਜ ਕਹਿੰਦੇ ਹਨ ਜੇ ਅਰਜਨ ਮੇਰਾ ਹੁਕਮ ਮੰਨੇਗਾ ਤਾਂ ਤੈਨੂੰ ਪਾਪ ਨਹੀਂ ਲਗੇਗਾ। ਮੈਂ ਹੀ "ਕਰਤਾ-ਪੁਰਖ" ਹਾਂ; ਜੋ ਵੀ ਹੋ ਰਿਹਾ ਹੈ ਸਾਰੀ ਕਾਇਨਾਤ ਵਿਚ ਮੇਰਾ ਹੀ ਕੀਤਾ ਹੋ ਰਿਹਾ ਹੈ। ਹੋਰ ਕਿਸੇ ਦਾ ਕੀਤਾ ਨਹੀਂ ਹੈ। ਜੋ ਵੀ ਮੈਂ ਸਾਰੀ ਕਾਇਨਾਤ ਵਿਚ ਜਿੱਥੇ ਵੀ ਚਾਹਾਂ ਕੁਝ ਵੀ ਕਰਨ ਲਈ ਉਸ ਨੂੰ ਕੋਈ ਰੋਕ ਨਹੀਂ ਸਕਦਾ ਹੋਣ ਤੋਂ ਇਥੋਂ ਤਕ ਕੇ ਸਾਰੀ ਕਾਇਨਾਤ ਵੀ। ਕਿਉਂਕਿ ਮੈਂ ਹੀ ਮੈਂ ਹਾਂ ਹੋਰ ਕੋਈ ਦੂਜਾ ਨਹੀਂ ਹੈ, "ਕਰਤਾ-ਪੁਰਖ"। ਦੂਸਰਾ ਪਹਿਲੂ ਵੀ ਹੈ ਜੋ ਮੈਂ ਨਾ ਚਾਹਾਂ ਕਿ ਹੋਵੇ; ਉਹ ਨਹੀਂ ਹੋ ਸਕੇਗਾ ਭਾਵੇਂ ਸਾਰੀ ਕਾਇਨਾਤ ਕੋਸ਼ਿਸ਼ ਕਰ ਕੇ ਦੇਖ ਲਵੇ ਕਿਉਂਕਿ ਮੈਂ ਹੀ "ਕਰਤਾ-ਪੁਰਖ" ਹਾਂ; ਜੋ ਕੁਝ ਵੀ ਹੁੰਦਾ ਹੈ ਮੇਰੇ ਹੁਕਮ ਨਾਲ ਹੀ ਹੁੰਦਾ ਹੈ। ਜੋ ਨਹੀਂ ਹੁੰਦਾ ਉਹ ਮੇਰੇ ਹੁਕਮ ਕਰ ਕੇ ਹੀ ਨਹੀਂ ਹੁੰਦਾ। ਇਸ ਕਰਕੇ ਜੇ ਤੂੰ ਨਾ ਵੀ ਆਪਣੇ ਰਿਸ਼ਤੇਦਾਰਾਂ, ਉਹਨਾਂ ਦੀਆਂ ਫੌਜਾਂ ਨੂੰ ਮਾਰੇਗਾ ਉਹ ਫਿਰ ਵੀ ਲੜਾਈ ਦੇ ਇਸ ਮੈਦਾਨ ਵਿਚ ਮਰਨਗੇ। ਮੈਂ ਇਹਨਾਂ ਨੂੰ ਪਹਿਲਾਂ ਹੀ ਮਾਰ ਚੁਕਾਂ ਹਾਂ ਬਸ ਤੇਰਾ ਤਾਂ ਸਿਰਫ ਮਾਧਿਅਮ ਹੀ ਬਨਣਾ ਹੈ। ਇਸ ਕਰਕੇ ਮੇਰਾ ਹੁਕਮ ਮੰਨ ਅਤੇ ਲੜਾਈ ਕਰ। ਅੱਗੇ ਤੇ ਤਵਾਰੀਖ਼ ਹੀ ਹੈ ਕਿ ਕਿਸ ਤਰਾਂ ਸਾਰੇ ਯੋਧੇ ਮਹਾਂਭਾਰਤ ਦੇ ਯੁੱਧ ਵਿਚ ਖਤਮ ਹੋਏ। ਕੀ ਗੁਰੂ ਨਾਨਕ ਦੇਵ ਸਾਹਿਬ ਜੀ ਨਹੀਂ ਫ਼ਰਮਾਉਂਦੇ; "ਜੋ ਤੁਧ ਭਾਵੇ ਨਾਨਕਾ ਸੋ ਹੀ ਭਲੀ ਕਾਰ" ਅਤੇ ਉਹਨਾਂ ਨੇ ਹੋਰ ਵੀ ਸਪਸ਼ਟ ਕੀਤਾ ਹੈ ਕਿ ਜੋ ਹੋ ਰਿਹਾ ਉਹਦੇ ਹੁਕਮ ਵਿਚ ਹੀ ਹੋ ਰਿਹਾ ਹੈ ਇਥੋਂ ਤੱਕ ਕੇ ਪੱਤਾ ਤਕ ਵੀ ਉਹਦੇ ਹੁਕਮ ਨਾਲ ਹੀ ਹਿਲ ਰਿਹਾ ਹੈ। ਅਸੀਂ ਸਾਹ ਵੀ ਉਹਦੀ ਦਯਾ ਨਾਲ ਲੈ ਰਹੇ ਹਾਂ। ਜਪੁਜੀ ਸਾਹਿਬ ਦੀ ਪਹਿਲੀ ਸਤਰ ਵਿਚ ਹੀ ਫ਼ਰਮਾ ਦਿੱਤਾ ਸੀ ਉਹਨਾਂ ਨੇ ਕਿ ਉਹ ਕਰਤਾਰ ਹੀ ਇਕ ਕਰਤਾ ਪੁਰਖ ਹੈ। ਉਸਦੇ ਹੁਕਮ ਵਿਚ ਹੀ ਸਾਰੀ ਸਰਿਸ਼ਟੀ ਚਲ ਰਹੀ ਹੈ। ਚੰਦ ਤਾਰੇ ਸੂਰਜ ਉਹਦੇ ਹੁਕਮ ਵਿਚ ਹੀ ਕਰੋੜਾਂ ਮੀਲ ਸਫਰ ਕਰ ਰਹੇ ਹਨ ਹਰ ਰੋਜ। ਅਸੀਂ ਕਿਸ ਗਲ ਦਾ ਹਉਮੈਂ ਕਰ ਰਹੇ ਹਾਂ। ਇਹ ਸਾਡੀ ਹਉਮੈ ਹੀ ਸਾਨੂੰ ਉਸ ਤੋਂ ਅਤੇ ਉਹਦੀ ਕਾਇਨਾਤ ਤੋਂ ਵਖ ਰੱਖ ਰਹੀ ਹੈ। ਜੇ ਇਹ ਹਉਮੈ ਛਡ ਦੇਈਏ ਤਾਂ ਫਿਰ ਬਸ ਸਾਡੇ ਹਾਲ ਨਿਆਰੇ ਹੋਣ ਜਾਣਗੇ ਅਤੇ ਇਕ ਪਲ ਵੀ ਨਹੀਂ ਲਗੇਗਾ ਅਤੇ ਨਾ ਹੀ ਇਕ ਦਮੜੀ। ਗੁਰੂ ਸਾਹਿਬ ਨੇ "ਆਪਣੇ ਆਪ ਨੂੰ ਦਾਸ ਅਤੇ ਰੱਬ ਨੂੰ ਸਾਹਿਬ "ਜੈਸੇ ਸਬੰਧ ਨਾਲ ਰੰਗ ਲਿਆ ਸੀ ਅਤੇ ਇਹੋ ਕਿਹਾ ਹੈ ਉਹਨਾਂ ਨੇ ਕਿ ਉਸਦਾ ਹੀ ਮੰਨ ਵਿਚ ਸਦਾ ਧਿਆਨ ਰੱਖੀਏ। ਉਹ ਹੀ ਰਚਣਹਾਰ ਅਤੇ ਸਭ ਦਾ ਮਾਲਕ ਹੈ। ਉਹ ਸਰਬ ਗਿਆਤ ਹੈ, ਸਰਬ ਸ਼ਕਤੀਮਾਨ ਹੈ ਅਤੇ ਸਰਬ ਵਿਆਪਕ ਹੈ।

**ਕਿਸ਼ਨ** : ਬਸ ਯਾਰ ਗਲ ਮੁਕਾਈਏ ਘਰ ਕੰਮ ਬਹੁਤ ਹਨ। ਸਾਹਿਬ ਅਤੇ ਮਾਲਕਣ ਉਡੀਕ ਰਹੇ ਹੋਣਗੇ। ਬਾਕੀ ਫੇਰ ਸਹੀ

**Former Member BBMB**

1088 **Urban Estate Phase** 1, ਜਲੰਧਰ

**ਰਾਵੀ ਸੋਹਣੀ ਪਈ ਵਗਦੀ, ਮੈਨੂੰ ਸਤਲੁਜ ਪਿਆਰਾ ਹੈ।**
**ਮੈਨੂੰ ਝਨ੍ਹਾਂ ਵਾਜ਼ਾਂ ਮਾਰਦੀ, ਅਟਕਦੀ ਲਹਿਰ ਦੀ ਠਾਠ, ਮੇਰੇ ਬੂਹੇ ਤੇ ਵੱਜਦੀ।**
**ਖਾੜ-ਖਾੜ ਚੱਲਣ ਮੇਰੇ ਸੁਫਨਿਆ ਵਿਚ, ਪੰਜਾਬ ਦੇ ਦਰਿਆ ।**
**(ਪ੍ਰੋ: ਪੂਰਨ ਸਿੰਘ)**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਗਤੀਵਿਧੀਆਂ



**ਐਮਬੂਲੰਸ-ਕਮ-ਕਲੀਨਿਕਲ ਮੋਬਾਇਲ ਵੈਨ :-** ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਐਮਬੁਲੰਸ ਕਮ ਕਲੀਨੀਕਲ ਮੋਬਾਇਲ ਲੈੱਬ ਪੇਂਡੂ ਸਹੂਲਤਾਂ ਲਈ ਜਨਵਰੀ ਤੇ ਫਰਵਰੀ ਦੇ ਮਹੀਨੇ ਵਿਚ ਪਿੰਡ-ਛਤਬੀੜ (ਗੁਰੂ ਘਰ) ਮੋਹਾਲੀ, ਰਾਏਮਾਜਰਾ (ਪਟਿਆਲਾ), ਧਰਮਗੜ੍ਹ ਗੁਰੂ ਘਰ (ਪਟਿਆਲਾ), ਮਦਨਪੁਰ, ਝੁਗੀਆਂ, ਨਰਾਇਣਗੜ੍ਹ, ਦਾਹਰੀਆਂ, ਪਿਲਖਣੀ, (ਪਟਿਆਲਾ), ਆਲਮਪੁਰ ਗੁਰੂ ਘਰ, ਨਨ੍ਹੇਰਾ, ਬਰ੍ਹਾਡਾ ਹਸਪਤਾਲ, ਬਸਮਾ ਗੁਰੂ ਘਰ, ਵਿਖੇ ਸਿਹਤ ਸੰਬੰਧਿਤ 600 ਮਰੀਜ਼ਾਂ ਦੇ ਟੈਸਟ ਕੀਤੇ ਗਏ ਹਨ। ਇਹ ਆਸ ਕੀਤੀ ਜਾਂਦੀ ਹੈ ਕਿ ਇਸ ਪ੍ਰੋਜੈਕਟ ਨੂੰ ਚਾਲੂ ਰੱਖਣ ਲਈ ਹਰੇਕ ਮੈਂਬਰ, ਪੰਚਾਇਤਾਂ ਅਤੇ ਨਾਮਯੋਗ ਸਮਰਥਾ ਵਾਲੇ ਵਿਅਕਤੀਆਂ ਵਲੋਂ ਯੋਗਦਾਨ ਪਾਇਆ ਜਾਵੇਗਾ।

**ਲਿਫਟ ਪ੍ਰੋਜੈਕਟ ਬਾਰੇ :-** ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਕਾਰਜਕਾਰਨੀ ਕਮੇਟੀ ਵਲੋਂ ਉਲੀਕੇ ਗਏ ਪ੍ਰੋਜੈਕਟ ਜਿਨ੍ਹਾਂ ਵਿਚੋਂ ਲਿਫਟ ਲਾਉਣ ਬਾਰੇ ਪ੍ਰਵਾਨਗੀ ਮਿਲਣ ਉਪਰੰਤ ਬਿਨ੍ਹਾਂ ਕਿਸੇ ਦੇਰੀ ਦੇ ਬੜੀ ਸ਼ਰਧਾਪੂਰਵਕ ਲਿਫਟ ਪ੍ਰੋਜੈਕਟ ਨੂੰ ਸ਼ੁਰੂ ਕੀਤਾ ਗਿਆ ਹੈ। ਲਿਫਟ ਦੀ ਮਸ਼ੀਨਰੀ ਮੈਨੂਫੈਕਚਰਰ ਵਲੋਂ ਭਵਨ ਵਿਚ ਆ ਚੁੱਕੀ ਹੈ ਅਤੇ ਇਸ ਦੀ ਫਿਟਿੰਗ, Erection, Installation ਚਾਲੂ ਹੋ ਚੁੱਕੀ ਹੈ। ਆਸ ਕੀਤੀ ਜਾਂਦੀ ਹੈ ਕਿ ਮਾਰਚ ਮਹੀਨੇ ਦੀ 15 ਤਾਰੀਕ ਤੱਕ ਲਿਫ਼ਟ ਚਾਲੂ ਹੋ ਜਾਵੇਗੀ।

**ਰੈਨੋਵੇਸ਼ਨ ਅਤੇ ਫੁੱਟਕਲ ਕੰਮ ਬਾਰੇ -:** ਭਵਨ ਦੀ ਬਾਹਰੀ ਦਿੱਖ ਨੂੰ ਹੋਰ ਖ਼ੂਬਸੂਰਤ ਬਨਾਉਣ ਲਈ ਭਵਨ ਵਿਚ ਸਫੈਦੀ ਦਾ ਕੰਮ ਹੋ ਰਿਹਾ ਹੈ। ਜਿਸ ਬਾਰੇ ਹਰ ਵੇਖਣ ਵਾਲੇ ਮੈਂਬਰ ਵਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

**ਸਾਕਾ ਏ ਸਰਹਿੰਦ ਕਲਚਰਲ ਪ੍ਰੋਗਰਾਮ ਬਾਰੇ :-** ਭਵਨ ਦੇ ਆਡੀਟਾਰੀਯਮ ਵਿਖੇ ਮਿਤੀ 12-02-2017 ਸ਼ਾਮ ਨੂੰ ਸਾਕਾ ਏ ਸਰਹਿੰਦ ਕਲਰਚਰਲ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ Animation-Cum-Stage act “Universal Art & Cultural Society”, Mohali ਵਲੋਂ ਪੇਸ਼ ਕੀਤਾ ਗਿਆ ਜੋ ਕਿ ਵਾਕਿਆ ਹੀ ਕਾਬਿਲੇ ਤਾਰੀਫ ਸਾਬਤ ਹੋਇਆ। ਇਹ ਪ੍ਰੋਗਰਾਮ ਸ. ਚਰਨਜੀਤ ਸਿੰਘ ਲੁਬਾਣਾ ਜੋ ਕਿ ਇਸ ਸੋਸਾਇਟੀ ਦੇ ਮੈਂਬਰ ਹਨ ਉਨ੍ਹਾਂ ਦੀ ਦੇਖ-ਰੇਖ ਹੇਠਾ ਸਫਲਤਾਪੂਰਵਕ ਹੋਇਆ। ਵੇਖਣ ਵਾਲਿਆਂ ਵਲੋਂ ਇਸ ਪ੍ਰੋਗਰਾਮ ਦੀ ਬਹੁਤ ਸ਼ਲਾਘਾ ਕੀਤੀ ਗਈ ਅਤੇ ਇਹ ਵੀ ਕਿਹਾ ਗਿਆ ਕਿ ਇਸ ਤਰ੍ਹਾਂ ਦੇ ਇਤਿਹਾਸਕ ਪ੍ਰੋਗਰਾਮ ਪਬਲਿਕ ਨੂੰ ਦਰਸਾਉਣ ਲਈ ਵੱਧ ਤੋਂ ਵੱਧ ਉਲੀਕੇ ਜਾਣ।

**ਰੋਜ਼ ਫੈਸਟੀਵਲ 2016-17 :-** ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਅਤੇ ਲੁਬਾਣਾ ਸੇਵਕ ਦੇ ਪਾਠਕਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਲੁਬਾਣਾ ਭਵਨ ਦਾ ਬਗੀਚਾ ਮਿਉਂਸੀਪਲ ਕਾਰਪੋਰੇਸ਼ਨ ਚੰਡੀਗੜ੍ਹ ਦੇ “45ਵੇਂ ਰੋਜ਼ ਫੈਸਟੀਵਲ 17-19 ਫਰਵਰੀ 2017”ਦੌਰਾਨਚੰਡੀਗੜ੍ਹਦੇਸ ਰੇਭ ਵਨਾਂਅ ਤੇਹੋਰਸੰਸਥਾਵਾਂਦੇ ਬਗੀਚਿਆਂ ਵਿਚੋਂ ਪਹਿਲੇ ਨੰਬਰ ਤੇ ਆਇਆ ਹੈ। ਇਹ ਦੱਸਣ ਵਿਚ ਮੈਂ ਫਖਰ ਮਹਿਸੂਸ ਕਰਦਾ ਹਾਂ ਕਿ ਇਹ ਭਵਨ 12 ਸਾਲ ਤੋਂ ਲਗਾਤਾਰ ਮਿਉਂਸੀਪਲ ਕਾਰਪੋਰੇਸ਼ਨ ਦੇ “ਬੈਸਟ ਭਵਨ ਪ੍ਰੀਮਿਸਿਸ ਮੇਨਟੇਨਡ” ਮੁਕਾਬਲੇ ਵਿਚ ਪਹਿਲੇ ਨੰਬਰ ਤੇ ਆ ਰਿਹਾ ਹੈ। ਇਸ ਮੌਕੇ ਤੇ Advisor, Governor ਅਤੇ ਹੋਰ ਸ਼ਖ਼ਸੀਅਤਾਂ ਵਲੋਂ ਭਵਨ ਨੂੰ ਇਕ ਮੋਮੈਂਟੋ ਅਤੇ ਮੈਰਿਟ ਸਰਟੀਫਿਕੇਟ 19 ਫਰਵਰੀ 2017 ਨੂੰ ਦਿੱਤਾ ਗਿਆ। ਕਰਨਲ ਮੱਖਣ ਸਿੰਘ (ਰਿਟਾ.) ਜੋ ਕਿ ਫਾਊਂਡੇਸ਼ਨ ਦੀ ਅਗਜੈਕਟਿਵ ਕਮੇਟੀ ਦੇ ਮੈਂਬਰ ਵੀ ਹਨ, ਉਹ ਬਾਗ-ਬਗੀਚੇ ਦੀ ਸਾਂਭ-ਸੰਭਾਲ ਦੀ ਸੇਵਾ ਤਨ, ਮਨ ਅਤੇ ਧਨ ਨਾਲ ਪ੍ਰਦਾਨ ਕਰ ਰਹੇ ਹਨ ਅਤੇ ਭਵਨ ਦਾ ਪਹਿਲੇ ਨੰਬਰ ਤੇ ਆਉਣਾ ਉਨ੍ਹਾਂ ਦੀ ਸੇਵਾਵਾਂ ਸਦਕਾ ਹੀ ਹੈ। ਨਰੀਖਣ ਕਰਨ ਸਮੇਂ ਸ. ਗੁਰਚਰਨ ਸਿੰਘ, ਪ੍ਰਧਾਨ, ਜਨਰਲ ਸਕੱਤਰ ਸ. ਹਰਬੰਸ ਸਿੰਘ, ਕਰਨਲ ਮੱਖਣ ਸਿੰਘ (ਰਿਟਾ.) ਭਵਨ ਦੇ ਬਗੀਚੇ ਵਿਚ ਸਨ।

**(ਹਰਬੰਸ ਸਿੰਘ)**
**ਜਨਰਲ ਸਕੱਤਰ**

# ਸ਼ੋਕ ਸਮਾਚਾਰ



ਕਦੇ ਕਦਾਈ ਵੇਖਣ ਵਿਚ ਅਜਿਹਾ ਵੀ ਆਉਂਦਾ ਹੈ ਕਿ ਕੁਦਰਤ ਕਈ ਵਾਰੀ ਭਾਈਚਾਰੇ ਦੇ ਉੱਘੇ ਪਰਿਵਾਰਾਂ ਦਾ ਜੌੜ ਮੇਲ ਕਰਾ ਦਿੰਦੀ ਹੈ। ਅਜਿਹਾ ਹੀ ਭੈਣ ਜੀ ਕੰਵਲਜੀਤ ਕੌਰ ਸੁਪਤਨੀ ਸਵ ਸ. ਜਗਜੀਤ ਸਿੰਘ (ਛੋਟੀ ਇਕਲੋਤੀ ਭੈਣ ਮੇਜਰ ਨਰਿੰਦਰ ਸਿੰਘ ਜੱਲੋ) ਵਾਸੀ 85, ਪੂਰਨ ਰੋਡ, ਜਲੰਧਰ ਕੈਂਟ ਜਿਨ੍ਹਾਂ ਦਾ ਮਿਤੀ 04-02-2017 ਨੂੰ ਅਚਾਨਕ ਦੇਹਾਂਤ ਹੋ ਗਿਆ ਸੀ, ਉਨ੍ਹਾਂ ਦੇ ਸੰਬੰਧ ਵਿਚ ਕਿਹਾ ਜਾ ਸਕਦਾ ਹੈ। ਭੈਣ ਜੀ ਸੂਬੇਦਾਰ ਦੇਵਾ ਸਿੰਘ I.D.S.M, OBI, mention in dispatches ਵਾਸੀ ਨੰਗਲ ਲੁਬਾਨਾ ਜਿਨ੍ਹਾਂ ਦਾ ਭਾਈਚਾਰੇ ਵਿਚ ਉੱਘਾ ਸਥਾਨ ਹੈ, ਉਨ੍ਹਾਂ ਦੀ ਪੋਤਰੀ ਸਨ। ਇਸੇ ਤਰ੍ਹਾਂ ਭਾਈਚਾਰੇ ਦੇ ਬਹੁਤ ਵੱਡੇ ਆਗੂ ਕੈਪਟਨ ਮਹਿਤਾਬ ਸਿੰਘ OBE, IOM, ਗਾਲੋਵਾਲ ਜਿਨ੍ਹਾਂ ਨੂੰ ਸਰਕਾਰ ਨੇ ਦਸੂਹੇ ਦਾ ਆਨਰੇਰੀ ਮੈਜਿਸਟਰੇਟ ਬਣਾਇਆ ਹੋਇਆ ਸੀ ਅਤੇ ਜਿਨ੍ਹਾਂ ਨੂੰ ਪੰਜ ਮੁਰੱਬੇ ਜ਼ਮੀਨ ਜ਼ਿਲ੍ਹਾ-ਸ਼ਾਹਪੁਰ (ਸਰਗੋਧਾ) ਵਿਖੇ ਅਲਾਟ ਹੋਈ ਸੀ ਭੈਣ ਜੀ ਉਹਨਾਂ ਦੀ ਦੋਤਰੀ ਸਨ। ਕੈਪਟਨ ਮਹਿਤਾਬ ਸਿੰਘ ਨੇ ਲੁਬਾਣਾ ਕੌਮ ਦੀਆਂ ਵੱਖਰੀਆਂ ਪਲਟਨਾਂ ਬਣਾ ਕੇ ਅਤੇ ਉਨ੍ਹਾਂ ਨੂੰ 1900 ਵਿਚ ਪੂਰੇ ਪੰਜਾਬ ਵਿਚ ਜ਼ਿਮੀਦਾਰਾ ਪੇਸ਼ੇ ਵਿਚ ਦਰਜ ਕਰਵਾ ਕੇ ਕੌਮ ਦੀ ਵੱਡੀ ਸੇਵਾ ਕੀਤੀ ਸੀ। ਇਸੇ ਤਰ੍ਹਾਂ ਜ਼ਿਲ੍ਹਾ-ਗੁਰਦਾਸਪੁਰ ਦੇ ਉੱਘੇ ਪਰਿਵਾਰ ਜਿਨ੍ਹਾਂ ਵਿਚ ਸੂਬੇਦਾਰ ਮੰਸ਼ਾ ਸਿੰਘ ਦੇ ਪੁੱਤਰ ਸੂਬੇਦਾਰ ਮੇਜਰ ਅਮਰ ਸਿੰਘ OBI ਦੇ ਪੁੱਤਰ ਕਰਨਲ ਪ੍ਰਤਾਪ ਸਿੰਘ ਸਨ ਅਤੇ ਦੂਜਾ ਜੰਮੇਦਾਰ ਕੱਥਾ ਸਿੰਘ ਘੋਤਪੋਕਰ ਦੇ ਲੜਕੇ ਜੰਮੇਦਾਰ ਗੁਰਮੁਖ ਸਿੰਘ ਦਾ ਲੜਕਾ ਕੁਲਦੀਪ ਸਿੰਘ ਜੋ ਜ਼ਿਲ੍ਹਾ-ਗੁਰਦਾਸਪੁਰ ਦੇ ਵੱਡੇ ਜ਼ਿਮਾਦਾਰਾ ਅਤੇ ਸ਼ੈਲਰ ਮਾਲਕਾਂ ਵਿਚੋਂ ਹਨ, ਇਨ੍ਹਾਂ ਦੋਵਾਂ ਦੀ ਭੈਣ ਜੀ ਮਾਮੇ ਦੀ ਲੜਕੀ ਸਨ। ਸਵ. ਸੂਬੇਦਾਰ ਦੇਵਾ ਸਿੰਘ ਨੂੰ ਇਹ ਮਾਨ ਪ੍ਰਾਪਤ ਹੋਇਆ ਸੀ ਕਿ ਜਦ ਮਾਰਚ 1964 ਵਿਚ ਉਸ ਸਮੇਂ ਦੇ ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋ ਨੰਗਲ ਲੁਬਾਣਾ ਵਿਖੇ 1962 ਦੇ ਜੰਗੀ ਸ਼ਹੀਦਾਂ ਦੀ ਯਾਦਗਾਰ ਦਾ ਨੀਂਹ ਪੱਥਰ ਰੱਖਣ ਆਏ ਤਾਂ ਉਸ ਵੇਲੇ ਸੂਬੇਦਾਰ ਦੇਵਾ ਸਿੰਘ ਜੀ ਜਿਨ੍ਹਾਂ ਨੇ ਆਪਣੀ ਪੁਰਾਣੀ ਵਰਦੀ ਪਹਿਨੀ ਹੋਈ ਸੀ ਅਤੇ ਪਿੰਡ ਦੇ ਸਰਪੰਚ ਸਨ, ਜਦ ਕੈਰੋ ਸਾਹਿਬ ਨੂੰ ਹਾਰ ਪਾਉਣਾ ਚਾਹਿਆ ਤਾਂ ਕੈਰੋ ਸਾਹਿਬ ਨੇ ਇਹ ਹਾਰ ਉਨ੍ਹਾਂ ਤੋਂ ਇਹ ਕਹਿੰਦੇ ਹੋਏ ਲੈ ਲਿਆ ਕਿ ਬਾਪੂ ਜੀ ਇਹ ਹਾਰ ਮੇਰੇ ਨਹੀਂ ਤੁਹਾਡੇ ਵਰਗੇ ਪੁਰਾਣੇ ਜੰਗੀ ਬਹਾਦਰਾਂ ਦੇ ਗਲੇ ਵਿਚ ਸੁਸ਼ੋਬਿਤ ਦਿੰਦਾ ਹੈ ਅਤੇ ਹਾਰ ਉਨ੍ਹਾਂ ਦੇ ਗਲ ਵਿਚ ਪਾ ਦਿੱਤਾ।

ਭੈਣ ਜੀ ਦਾ ਜਨਮ 13 ਫਰਵਰੀ 1937 ਨੂੰ ਪਾਕਿਸਤਾਨ ਦੇ ਜ਼ਿਲ੍ਹਾ ਸਾਹੀਵਾਲ (ਮੈਂਟਗੁਮਰੀ) ਚੱਕ ਨੰਬਰ 134/9-L ਵਿਖੇ ਮਾਤਾ ਅਮਰ ਕੌਰ ਅਤੇ ਪਿਤਾ ਮੇਜਰ ਸ਼ਰਮ ਸਿੰਘ ਦੇ ਘਰ ਹੋਇਆ ਸੀ। ਭੈਣ ਜੀ ਨੇ ਆਪਣੀ ਦੱਸਵੀਂ ਤੱਕ ਦੀ ਵਿੱਦਿਆ ਸਰਕਾਰੀ ਹਾਈ ਸਕੂਲ ਗੁਰਦਾਸਪੁਰ ਵਿਖੇ ਹੋਸਟਲ ਵਿਚ ਰਹਿੰਦਿਆਂ ਪ੍ਰਾਪਤ ਕੀਤੀ, ਇਸ ਪਿੱਛੋਂ ਉਨ੍ਹਾਂ ਐਫ.ਏ. ਸਰਕਾਰੀ ਰਨਧੀਰ ਕਾਲਜ ਕਪੂਰਥਲਾ ਤੋਂ ਪਾਸ ਕੀਤੀ। ਭੈਣ ਜੀ ਦਾ ਵਿਆਹ 1960 ਵਿਚ ਸ. ਜਗਜੀਤ ਸਿੰਘ ਸਪੁੱਤਰ ਮੇਜਰ ਜੇਠਾ ਸਿੰਘ ਨਾਲ ਹੋਇਆ। ਮੇਜਰ ਜੇਠਾ ਸਿੰਘ ਜੀ ਦੇ ਪਿਤਾ ਸੂਬੇਦਾਰ ਮੇਜਰ ਫਤਿਹ ਸਿੰਘ ਨੂੰ ਨਡਾਲਾ ਵਿਖੇ ਸੜਕ ਉੱਤੇ 42 ਏਕੜ ਜ਼ਮੀਨ ਅਲਾਟ ਹੋਈ ਸੀ, ਪਰ ਉਨ੍ਹਾਂ 1948 ਵਿਚ 85, ਪੂਰਨ ਰੋਡ, ਜਲੰਧਰ ਛਾਵਨੀ ਵਿਚ ਵਿਸ਼ਾਲ ਕੋਠੀ ਖਰੀਦ ਕੇ ਆਪਣੀ ਰਿਹਾਇਸ਼ ਉੱਥੇ ਸ਼ੁਰੂ ਕਰ ਦਿੱਤੀ।

ਸਵ. ਜਗਜੀਤ ਸਿੰਘ ਅਤੇ ਉਨ੍ਹਾਂ ਦੇ ਵੱਡੇ ਭਰਾ ਸਵ. ਰਨਜੀਤ ਸਿੰਘ ਜੋ ਇੰਡੀਅਨ ਏਅਰ ਲਾਈਨਜ 1956 ਵਿਚ ਪਾਇਲਟ ਬਣੇ, ਜਿਨ੍ਹਾਂ ਨੇ ਆਪਣੀ ਪੰਜਵੀਂ ਤੋਂ ਦੱਸਵੀਂ ਤੱਕ ਦੀ ਵਿੱਦਿਆ ਸਿੰਧਿਆ ਸਕੂਲ ਗਵਾਲੀਯਰ ਜਿਹੜਾ ਕਿ ਦੇਸ਼ ਦੇ ਪ੍ਰਮੁੱਖ ਸਕੂਲਾਂ ਵਿਚੋਂ ਸੀ ਉੱਥੇ ਰਹਿ ਕੇ ਪ੍ਰਾਪਤ ਕੀਤੀ। ਭੈਣ ਜੀ ਦੀ ਇਕ ਲੜਕੀ ਅਤੇ ਇਕ ਲੜਕਾ ਹੈ। ਲੜਕੀ ਮਦਨਜੀਤ ਕੌਰ ਦਾ ਵਿਆਹ ਸ. ਸੁਹਿੰਦਰ ਸਿੰਘ (ਸੱਲ੍ਹਾ) ਜੋ ਪਹਿਲਾ ਹੀ ਯੂ.ਐਸ.ਏ. ਵਿਚ ਸੈਟਲ ਸਨ, ਨਾਲ ਹੋਇਆ। ਉਨ੍ਹਾਂ ਦੀਆਂ ਦੋ ਲੜਕੀਆਂ ਅਤੇ ਦੋ ਲੜਕੇ ਹਨ। ਵੱਡੀ ਲੜਕੀ ਇੰਜੀਨੀਅਰ ਅਤੇ ਛੋਟੀ ਲੜਕੀ ਡਾਕਟਰ ਹੈ। ਦੋਵੇਂ ਲੜਕੇ ਯੂ.ਐਸ.ਏ. ਵਿਖੇ ਹੀ ਵਧੀਆਂ ਪੜ੍ਹਾਈ ਹਾਸਲ ਕਰ ਰਹੇ ਹਨ। ਭੈਣ ਜੀ ਦੇ ਲੜਕੇ ਸ. ਹਰਿੰਦਰਜੀਤ ਸਿੰਘ ਬੰਟੀ ਨੇ ਨਡਾਲਾ ਮੁੱਖ ਮਾਰਗ ਵਿਖੇ ਆਪਣੀ 4 ਏਕੜ ਜ਼ਮੀਨ ਵਿਚ ਇਕ ਵਿਸ਼ਾਲ ਹਸਪਤਾਲ ਖੋਲਿਆ ਹੋਇਆ ਹੈ। ਉਨ੍ਹਾਂ ਦੇ ਦੋ ਲੜਕੇ ਹਨ ਜੋ ਕਾਲਜ ਵਿਚ ਵਧੀਆਂ ਪੜ੍ਹਾਈ ਕਰ ਰਹੇ ਹਨ।

ਭੈਣ ਜੀ ਬਹੁਤ ਵਧੀਆ ਸੁਭਾਅ ਦੇ ਮਾਲਕ ਅਤੇ ਬਹੁਤ ਮਿਲਨਸਾਰ ਸਨ। ਹਰ ਵੇਲੇ ਰੱਬ ਦਾ ਨਾਮ ਜੱਪਣ ਵਾਲੇ, ਪੱਕੇ ਅੰਮ੍ਰਿਤਧਾਰੀ ਅਤੇ ਗੁਰੂਧਾਮਾਂ ਦੇ ਦਰਸ਼ਨ ਕਰਨ ਵਿਚ ਉਨ੍ਹਾਂ ਦਾ ਬੜਾ ਵਿਸ਼ਵਾਸ ਸੀ। ਭੈਣ ਜੀ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਹਿ 85, ਪੂਰਨ ਰੋੜ, ਜਲੰਧਰ ਛਾਉਣੀ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ 12-02-2017 ਨੂੰ ਪਾਏ ਗਏ। ਉਪਰੰਤ ਰਾਗੀ ਜੱਥਿਆਂ ਨੇ ਕੀਰਤਨ ਅਤੇ ਕਥਾ ਰਾਹੀਂ ਸੰਗਤਾਂ ਨੂੰ ਸੱਚੇ ਮਾਰਗ ਤੇ ਚੱਲਣ

ਲਈ ਪ੍ਰੇਰਣਾ ਕੀਤੀ। ਇਸ ਮੌਕੇ ਡਾ. ਦਵਿੰਦਰ ਸਿੰਘ ਪ੍ਰਿੰਸੀਪਲ, ਅਟੱਲਗੜ੍ਹ ਨੇ ਮਨੁੱਖੀ ਜੀਵਨ ਦੇ ਫਲਸਫੇ ਤੇ ਚਾਨਣਾ ਪਾਇਆ ਅਤੇ ਭੈਣ ਜੀ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕੀਤੀ।

ਸ਼ਰਧਾਂਜਲੀ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਬੀਬੀ ਬਖਸ਼ੀਸ਼ ਕੌਰ ਜਸਟਿਸ (ਰਿਟਾ.), ਮੇਜਰ ਮੇਹਰ ਸਿੰਘ, ਡਾ. ਦਵਿੰਦਰ ਸਿੰਘ ਪ੍ਰਿੰਸੀਪਲ, ਅਟੱਲਗੜ੍ਹ, ਕਰਨਲ ਰਾਜਿੰਦਰ ਸਿੰਘ, ਕਰਨਲ ਕੁਲਵੰਤ ਸਿੰਘ, ਕਰਨਲ ਰਾਓ ਬਿੰਦਰ ਸਿੰਘ, ਕੈਪਟਨ ਆਰ.ਬੀ.ਐਸ. ਜੱਲੋ (Ex-Chief Technical Advisor F/W Cable), ਕੈਪਟਨ ਕੇ.ਬੀ. ਸਿੰਘ ਜੱਲੋ IPS, DIG, ਸ. ਹਰਜੋਧ ਸਿੰਘ ਐਸ.ਡੀ.ਓ., ਮੇਜਰ ਬੀ.ਐਸ. ਔਜਲਾ, ਮੇਜਰ ਐਚ.ਐਸ. ਭੰਬ, ਕੈਪਟਨ ਜਸਵੰਤ ਸਿੰਘ, ਸ. ਗੁਰਨਾਮ ਸਿੰਘ ਅਤੇ ਉਨ੍ਹਾਂ ਦਾ ਪੁੱਤਰ ਸ. ਅਜੀਤਪਾਲ ਸਿੰਘ, ਪੀ.ਸੀ.ਐਸ. (ਜੇ.ਯੂ.ਡੀ.), ਡਾ. ਅਜਮੇਰ ਸਿੰਘ, ਕੰਜਰਵੇਟਿਵ, ਬੀਬੀ ਸੁਰਜੀਤ ਕੌਰ ਮੈਂਬਰ ਬਲਾਕ ਸੰਮਤੀ ਨਡਾਲਾ, ਨੰਬਰਦਾਰ ਦਲਜੀਤ ਸਿੰਘ, ਗਰਦਾਵਰ ਸਤਨਾਮ ਸਿੰਘ ਅਤੇ ਸ. ਸੁਖਜਿੰਦਰ ਸਿੰਘ ਸੀਟੂ ਆਦਿ ਮੈਂਬਰ ਹਾਜ਼ਰ ਸਨ। ਮੇਜਰ ਨਰਿੰਦਰ ਸਿੰਘ ਜੱਲੋ ਨੇ ਆਏ ਹੋਏ ਮਹਿਮਾਨਾਂ ਨੂੰ ਸੰਬੋਧਨ ਕਰਦਿਆ ਆਖਿਆ ਕਿ ਉਨ੍ਹਾਂ ਦਾ ਪਰਿਵਾਰ ਆਏ ਹੋਏ ਸਾਰੇ ਸੱਜਣਾਂ ਦਾ ਰਿਣੀ ਅਤੇ ਅਹਿਸਾਨਮੰਦ ਹੈ। ਜਿਨ੍ਹਾਂ ਇਸ ਦੁੱਖ ਦੀ ਘੜੀ ਵਿਚ ਸ਼ਾਮਲ ਹੋ ਕੇ ਪਰਿਵਾਰ ਦਾ ਦੁੱਖ ਵੰਡਾਇਆ ਹੈ। ਇਸ ਮੌਕੇ ਬੀਬੀ ਸਤਵੰਤ ਕੌਰ ਜੱਲੋ ਸੁਪਤਨੀ ਮੇਜਰ ਨਰਿੰਦਰ ਸਿੰਘ ਜੱਲੋ ਨੇ ਆਪਣੀ ਨਨਦ ਦੀ ਯਾਦ ਵਿਰ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਨੂੰ 11000/- ਰੁਪਏ ਦਾ ਚੈੱਕ ਭੇਟ ਕੀਤਾ।

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਸਮੂਹ ਮੈਨੇਜਮੈਂਟ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਡੂੰਘੀ ਹਮਦਰਦੀ ਦਾ ਪ੍ਰਗਟਾਵਾ ਕਰਦੀ ਹੈ ਅਤੇ ਅਰਦਾਸ ਕਰਦੀ ਹੈ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਸਦੀਵੀ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਤੰਦਰੁਸਤੀ ਅਤੇ ਚੜ੍ਹਦੀ ਕਲਾ ਬਖਸ਼ੇ।

**ਸਰਦਾਰਾ ਸਿੰਘ**

**ਚੀਫ਼ ਇੰਜੀਨੀਅਰ (ਰਿਟਾ.)**

**ਆਨਰੇਰੀ ਪੈਟਰਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340,**

**E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# MUNICIPAL INSPECTION TEAM IN PRESIDENT OFFICE OF BHAWAN AT CHANDIGARH





## BHAWAN LAWN AND ORCHARD DURING INSPECTION BY CHANDIGARH MUNICPAL TEAM.WHICH STOOD FIRST IN CONTINUIY











## BHAWAN LAWN AND ORCHARD DURING INSPECTION BY CHANDIGARH MUNICPAL TEAM.WHICH STOOD FIRST IN CONTINUIY













SAKA-A-SARHIND STAGE CUM ANIMATED SHOW AT BHAWAN ON 12.02.2017 BY UNIVERSAL ARTS AND CULTURE SPONSORED BY. BMSL IN WHICH LOBANA CHARANJIT SINGH PLAYED GOOD ROLE AS ARTIST & ORG.
















# ਖੇਤਰੀ ਭਾਸ਼ਾਵਾਂ ਹੀ ਵਿਖਾ ਸਕਦੀਆਂ ਹਨ ਸੰਤੁਲਿਤ ਵਿਕਾਸ ਦਾ ਰਾਹ

**ਸਤਨਾਮ ਸਿੰਘ ਮਾਣਕ**

21 ਫਰਵਰੀ ਨੂੰ ਹਰ ਸਾਲ ਕੌਮਾਂਤਰੀ ਪੱਧਰ 'ਤੇ ਮਾਂ-ਬੋਲੀ ਦਿਵਸ ਮਨਾਇਆ ਜਾਂਦਾ ਹੈ। 1999 ਵਿਚ ਯੂਨੈਸਕੋ ਨੇ 21 ਫਰਵਰੀ ਦਾ ਦਿਨ, ਬੰਗਲਾਦੇਸ਼ ਦੇ ਭਾਸ਼ਾਈ ਅੰਦੋਲਨ ਦੇ ਸ਼ਹੀਦਾਂ ਦੀ ਯਾਦ ਵਿਚ ਵਿਸ਼ਵ ਭਰ ਦੇ ਲੋਕਾਂ ਦੀਆਂ ਮਾਂ-ਬੋਲੀਆਂ ਲਈ ਮਨਾਉਣ ਵਾਸਤੇ ਨਿਰਧਾਰਤ ਕੀਤਾ ਸੀ। ਹਰ ਸਾਲ 21 ਫਰਵਰੀ ਤੋਂ ਪਹਿਲਾਂ ਯੂਨੈਸਕੋ ਵੱਲੋਂ ਇਸ ਲਈ ਬਾਕਾਇਦਾ ਇਕ ਐਲਾਨ ਜਾਰੀ ਕਰਕੇ ਲੋਕਾਂ ਦਾ ਧਿਆਨ ਉਨ੍ਹਾਂ ਦੀਆਂ ਮਾਂ-ਬੋਲੀਆਂ ਦੇ ਮਹੱਤਵ ਵੱਲ ਵੀ ਦਿਵਾਇਆ ਜਾਂਦਾ ਹੈ। ਯੂਨੈਸਕੋ ਖ਼ੁਦ ਵੀ ਵਿਸ਼ਵ ਦੀਆਂ ਵੱਖ-ਵੱਖ ਥਾਵਾਂ 'ਤੇ ਇਸ ਦਿਨ ਨੂੰ ਮਨਾਉਣ ਲਈ ਵੱਖ-ਵੱਖ ਤਰ੍ਹਾਂ ਦੀਆਂ ਸਰਗਰਮੀਆਂ ਕਰਵਾਉਂਦੀ ਅਤੇ ਲੋਕਾਂ ਨੂੰ ਉਤਸ਼ਾਹਿਤ ਕਰਦੀ ਹੈ।

ਦੇਖਦਿਆਂ ਹੀ ਦੇਖਦਿਆਂ ਵਿਸ਼ਵ ਭਰ ਦੇ ਲੋਕਾਂ ਲਈ ਇਹ ਇਕ ਨਵਾਂ ਤਿਉਹਾਰ ਬਣਦਾ ਜਾ ਰਿਹਾ ਹੈ। ਹਰ ਸਾਲ ਇਸ ਦਿਨ ਨੂੰ ਵੱਖ-ਵੱਖ ਦੇਸ਼ਾਂ ਵਿਚ ਵੱਧ ਤੋਂ ਵੱਧ ਲੋਕ ਮਨਾਉਣ ਅਤੇ ਇਸ ਦਿਨ ਵੱਖ-ਵੱਖ ਤਰ੍ਹਾਂ ਦੇ ਸਮਾਗਮ ਜਥੇਬੰਦ ਕਰਨ ਲਈ ਅੱਗੇ ਆਉਣ ਲੱਗੇ ਹਨ। ਦੱਖਣੀ ਏਸ਼ੀਆ ਵਿਚ ਬੰਗਲਾਦੇਸ਼ ਤੋਂ ਬਾਅਦ ਭਾਰਤ, ਪਾਕਿਸਤਾਨ ਅਤੇ ਕਈ ਹੋਰ ਦੇਸ਼ਾਂ ਵਿਚ ਵੀ ਇਹ ਦਿਨ ਮਕਬੂਲ ਹੁੰਦਾ ਜਾ ਰਿਹਾ ਹੈ। ਪੰਜਾਬ ਵਿਚ ਵੱਖ-ਵੱਖ ਵਿਦਿਅਕ ਅਦਾਰੇ ਅਤੇ ਲੇਖਕ ਸੰਗਠਨ ਇਹ ਦਿਨ ਮਨਾਉਣ ਲਈ ਹਰ ਸਾਲ ਸਰਗਰਮੀਆਂ ਉਲੀਕਦੇ ਹਨ। ਜਲੰਧਰ ਵਿਚ ਪਿਛਲੇ ਛੇ ਸਾਲਾਂ ਤੋਂ ਇਸ ਸੰਦਰਭ ਵਿਚ 'ਪੰਜਾਬ ਜਾਗ੍ਰਿਤੀ ਮੰਚ' ਵੱਲੋਂ ਇਕ ਵੱਡਾ ਮਾਰਚ ਕੱਢਿਆ ਜਾਂਦਾ ਹੈ। ਅੰਮ੍ਰਿਤਸਰ ਵਿਚ ਵੀ 'ਫੋਕਲੋਰ ਰਿਸਰਚ ਅਕੈਡਮੀ' ਤੇ ਹੋਰ ਸੰਗਠਨ ਇਹ ਦਿਨ ਉਤਸ਼ਾਹ ਨਾਲ ਮਨਾਉਂਦੇ ਹਨ। ਇਸ ਸਾਲ ਕੇਂਦਰੀ ਲੇਖਕ ਸਭਾ ਅਤੇ ਕਈ ਹੋਰ ਲੇਖਕ ਸੰਗਠਨਾਂ ਦੇ ਸੱਦੇ 'ਤੇ ਚੰਡੀਗੜ੍ਹ ਵਿਚ ਲੇਖਕਾਂ ਅਤੇ ਪੰਜਾਬੀ ਪ੍ਰੇਮੀਆਂ ਵੱਲੋਂ ਪੰਜਾਬ ਅਤੇ ਚੰਡੀਗੜ੍ਹ ਵਿਚ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰ ਵਿਚ ਪੰਜਾਬੀ ਨੂੰ ਯੋਗ ਸਥਾਨ ਦਿਵਾਉਣ ਲਈ ਗ੍ਰਿਫ਼ਤਾਰੀਆਂ ਵੀ ਦਿੱਤੀਆਂ ਗਈਆਂ ਹਨ।

ਸਵਾਲ ਪੈਦਾ ਹੁੰਦਾ ਹੈ ਕਿ 1999 ਤੋਂ ਆਰੰਭ ਹੋਇਆ ਇਹ ਨਵਾਂ ਤਿਉਹਾਰ ਵਿਸ਼ਵ ਪੱਧਰ 'ਤੇ ਦਿਨੋ-ਦਿਨ ਹਰਮਨ-ਪਿਆਰਾ ਕਿਉਂ ਹੁੰਦਾ ਜਾ ਰਿਹਾ ਹੈ?

ਇਸ ਦਾ ਵੱਡਾ ਕਾਰਨ ਇਹ ਹੈ ਕਿ ਦੁਨੀਆ ਦੀਆਂ ਵੱਡੀਆਂ ਤਾਕਤਾਂ ਵੱਲੋਂ ਪੂਰੇ ਵਿਸ਼ਵ 'ਤੇ ਇਕ ਤਰ੍ਹਾਂ ਦਾ ਵਿਕਾਸ ਮਾਡਲ ਲਾਗੂ ਕਰਨ ਦੇ ਯਤਨ ਅਸਫਲਹ ੋਗ ਏਹ ਨ।1 917ਿ ਵਚਸ ੋਵੀਅਤਯ ੂਨੀਅਨਿ ਵਚਹ ੋਈ ਸਮਾਜਵਾਦੀ ਕ੍ਰਾਂਤੀ ਤੋਂ ਬਾਅਦ ਦੁਨੀਆ ਭਰ ਵਿਚ ਇਹ ਵਿਚਾਰ ਫੈਲਿਆ ਸੀ ਕਿ ਸਾਰੀ ਦੁਨੀਆ ਵਿਚ ਇਸ ਤਰ੍ਹਾਂ ਦਾ ਲੋਕ-ਪੱਖੀ ਵਿਕਾਸ ਮਾਡਲ ਲਾਗੂ ਕਰਕੇ ਲੋਕਾਂ ਦੇ ਰੋਟੀ-ਰੋਜ਼ੀ ਅਤੇ ਹੋਰ ਮਸਲੇ ਹੱਲ ਕੀਤੇ ਜਾ ਸਕਦੇ ਹਨ। ਸੋਵੀਅਤ ਯੂਨੀਅਨ ਦੀ ਪੈਰਵੀ ਕਰਦਿਆਂ ਵੱਖ-ਵੱਖ ਦੇਸ਼ਾਂ ਵਿਚ ਬਣੀਆਂ ਕਮਿਊਨਿਸਟ ਪਾਰਟੀਆਂ ਨੇ ਆਪਣੇ-ਆਪਣੇ ਦੇਸ਼ਾਂ ਵਿਚ ਇਨਕਲਾਬ ਲਿਆ ਕੇ ਸੋਵੀਅਤ ਵਿਕਾਸ ਮਾਡਲ ਨੂੰ ਲਾਗੂ ਕਰਨ ਲਈ ਯਤਨ ਵੀ ਕੀਤੇ। ਇਸ ਨਾਲ ਕੁਝ ਵੱਖ-ਵੱਖ ਦੇਸ਼ਾਂ ਵਿਚ ਹੈਰਾਨੀਜਨਕ ਤੇਜ਼ੀ ਨਾਲ ਵਿਕਾਸ ਵੀ ਹੋਇਆ। ਪਰ 1991 ਤੱਕ ਪਹੁੰਚਦਿਆਂ-ਪਹੁੰਚਦਿਆਂ ਸੋਵੀਅਤ ਯੂਨੀਅਨ ਅਤੇ ਉਸ ਦੀ ਪੈਰਵੀ ਕਰਦਿਆਂ ਲਿਆਂਦੇ ਗਏ ਇਨਕਲਾਬ ਆਪਣੀਆਂ ਅੰਦਰੂਨੀ ਵਿਰੋਧਤਾਈਆਂ ਅਤੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਪੂੰਜੀਵਾਦੀ ਬਲਾਕ ਦੀਆਂ ਸਾਜ਼ਿਸ਼ਾਂ ਕਾਰਨ ਦਮ ਤੋੜ ਗਏ। ਇਨ੍ਹਾਂ ਦੇ ਦਮ ਤੋੜਨ ਦਾ ਵੱਡਾ ਕਾਰਨ ਬਾਹਰੀ ਨਾਲੋਂ ਅੰਦਰੂਨੀ ਜ਼ਿਆਦਾ ਸੀ। ਭ੍ਰਿਸ਼ਟਾਚਾਰ ਅਤੇ ਜਮਹੂਰੀਅਤ ਦੀ ਘਾਟ ਇਸ ਵਿਕਾਸ ਮਾਡਲ ਨੂੰ ਲੈ ਬੈਠੀ। ਹੁਣ ਸਿਰਫ਼ ਚੀਨ ਹੀ ਦੁਨੀਆ ਦਾ ਇਕ ਵੱਡਾ ਦੇਸ਼ ਰਹਿ ਗਿਆ ਹੈ, ਜਿਸ ਦਾ ਸ਼ਾਸਨ ਅਜੇ ਵੀ ਕਮਿਊਨਿਸਟ ਪਾਰਟੀ ਕੋਲ ਹੈ। ਭਾਵੇਂ ਕਿ ਆਪਣੇ ਵਿਕਾਸ ਮਾਡਲ ਵਿਚ ਵੱਡੀਆਂ ਤਬਦੀਲੀਆਂ ਲਿਆ ਕੇ ਉਸ ਨੇ ਵਿਦੇਸ਼ੀ ਅਤੇ ਦੇਸ਼ੀ ਕਾਰੋਬਾਰੀ ਕੰਪਨੀਆਂ ਲਈ ਆਪਣੇ ਦਰਵਾਜ਼ੇ ਖੋਲ੍ਹ ਦਿੱਤੇ ਹਨ ਅਤੇ ਇਸ ਦੇ ਆਧਾਰ 'ਤੇ ਮੈਨੂਫੈਕਚਰਿੰਗ ਖੇਤਰ ਵਿਚ ਵੱਡੀਆਂ ਪ੍ਰਾਪਤੀਆਂ ਵੀ ਕੀਤੀਆਂ ਹਨ। ਪਰ ਹੁਣ ਚੀਨ ਵੱਲੋਂ ਅਪਣਾਏ ਗਏ ਇਸ ਨਵੇਂ ਪੂੰਜੀਵਾਦੀ ਮਾਡਲ ਦੀਆਂ ਵੀ ਕੁਝ ਕਮੀਆਂ ਕਮਜ਼ੋਰੀਆਂ ਸਾਹਮਣੇ ਆਉਣ ਲੱਗੀਆਂ ਹਨ।

ਸੋਵੀਅਤ ਯੂਨੀਅਨ ਭਾਵੇਂ 1991 ਵਿਚ ਟੁੱਟਿਆ ਪਰ ਸੋਵੀਅਤ ਯੂਨੀਅਨ ਦੇ ਸਮਾਜਵਾਦੀ ਵਿਕਾਸ ਮਾਡਲ ਨੂੰ ਟੱਕਰ ਦੇਣ ਲਈ ਅਮਰੀਕਾ ਅਤੇ ਉਸ ਦੇ ਪੱਛਮੀ ਭਾਈਵਾਲ ਪੂੰਜੀਵਾਦੀ ਦੇਸ਼ਾਂ ਨੇ ਪਹਿਲਾਂ ਤੋਂ ਹੀ ਬਦਲਵਾਂ ਵਿਕਾਸ ਮਾਡਲ ਦੁਨੀਆ 'ਤੇ ਲਾਗੂ ਕਰਨ ਲਈ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਸਨ। ਭਾਵ ਕਾਰਪੋਰੇਟ ਵਿਕਾਸ ਮਾਡਲ ਦੀ ਰੂਪ-ਰੇਖਾ ਘੜਨੀ ਸ਼ੁਰੂ ਕਰ ਦਿੱਤੀ ਸੀ। ਇਸ ਮਕਸਦ ਲਈ ਪੂੰਜੀਵਾਦੀ ਦੇਸ਼ਾਂ ਨੇ ਆਪਣੇ ਪੱਖੀ ਅਰਥ-ਸ਼ਾਸਤਰੀਆਂ ਨੂੰ ਇਕੱਠੇ ਕਰਕੇ ਕਈ ਤਰ੍ਹਾਂ ਦੇ ਖਰੜੇ ਬਣਵਾਏ। ਪਹਿਲਾ ਖਰੜਾ ਡੰਕਲ ਯੋਜਨਾ ਤੇ ਬਾਅਦ ਵਿਚ ਇਹ ਗੈਟ ਸਮਝੌਤੇ ਦੇ ਨਾਂਅ ਨਾਲ ਜਾਣਿਆ ਗਿਆ। ਵਿਸ਼ਵ ਭਰ ਵਿਚ ਇਨ੍ਹਾਂ ਖਰੜਿਆਂ 'ਤੇ ਵਿਚਾਰ-ਚਰਚਾ ਕਰਵਾਈ ਗਈ। ਵਿਸ਼ਵ ਵਪਾਰ ਸੰਗਠਨ, ਕੌਮਾਂਤਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਵਿਚ ਆਪਣੇ ਅਸਰ-ਰਸੂਖ ਦੀ ਵਰਤੋਂ ਕਰਦਿਆਂ ਇਸ ਪ੍ਰਸਤਾਵਿਤ ਕਾਰਪੋਰੇਟ ਵਿਕਾਸ ਮਾਡਲ ਨੂੰ ਲਾਗੂ ਕਰਨ ਲਈ ਵਿਕਸਤ ਸਨਅਤੀ ਦੇਸ਼ਾਂ ਨੇ ਵਿਕਾਸਸ਼ੀਲ ਦੇਸ਼ਾਂ ਨੂੰ ਮਜਬੂਰ ਕੀਤਾ। ਪਰ ਲਗਪਗ ਤਿੰਨ ਦਹਾਕਿਆਂ ਵਿਚ ਹੀ ਪੂਰੀ ਦੁਨੀਆ ਵਿਚ ਇਹ ਵਿਕਾਸ ਮਾਡਲ ਅਸਫਲ ਹੋ ਕੇ ਰਹਿ ਗਿਆ ਹੈ। ਇਸ ਦੇ ਸਿੱਟੇ ਵਜੋਂ ਕੌਮਾਂਤਰੀ ਮੁਦਰਾ ਫੰਡ ਨੇ ਵੀ ਮੰਨਿਆ ਹੈ ਕਿ ਵਿਸ਼ਵ ਭਰ ਵਿਚ ਗ਼ਰੀਬਾਂ ਅਤੇ ਅਮੀਰਾਂ ਵਿਚ ਪਾੜਾ ਵਧਿਆ ਹੈ। ਆਕਸਫੈਮ ਨਾਂਅ ਦੀ ਅੰਤਰਰਾਸ਼ਟਰੀ ਏਜੰਸੀ ਦੀ ਤਾਜ਼ਾ ਰਿਪੋਰਟ ਅਨੁਸਾਰ ਦੁਨੀਆ ਦੀ ਅੱਧੀ ਦੌਲਤ ਇਸ ਵਿਕਾਸ ਮਾਡਲ ਕਾਰਨ ਸਿਰਫ਼ 8 ਵਿਅਕਤੀਆਂ ਦੇ ਹੱਥਾਂ ਵਿਚ ਇਕੱਠੀ ਹੋ ਗਈ ਹੈ। ਵੱਖ-ਵੱਖ ਦੇਸ਼ਾਂ ਵਿਚ ਛੋਟੇ ਸਨਅਤੀ ਅਤੇ ਵਪਾਰਕ ਅਦਾਰੇ ਬੰਦ ਹੋ ਗਏ ਹਨ। ਦੁਨੀਆ ਭਰ ਵਿਚ ਹੀ ਕਿਸਾਨਾਂ, ਸਨਅਤੀ ਮਜ਼ਦੂਰਾਂ ਅਤੇ ਖੇਤੀ ਮਜ਼ਦੂਰਾਂ ਦੀ ਆਮਦਨ ਘਟੀ ਹੈ ਅਤੇ ਉਹ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਵੀ ਵਾਂਝੇ ਹੋਏ ਗਏ ਹਨ। ਵੱਖ-ਵੱਖ ਦੇਸ਼ਾਂ ਵਿਚ ਕਾਰਪੋਰੇਟ ਵਿਕਾਸ ਮਾਡਲ ਦੇ ਖਿਲਾਫ਼ ਵੱਡੇ-ਵੱਡੇ ਰੋਸ ਮੁਜ਼ਾਹਰੇ ਵੀ ਆਰੰਭ ਹੋ ਗਏ ਸਨ ਪਰ ਪਿਛਲੇ ਇਕ ਦਹਾਕੇ ਵਿਚ ਕੌਮਾਂਤਰੀ ਪੱਧਰ 'ਤੇ ਅੱਤਵਾਦ ਦੇ ਹੋਏ ਉਭਾਰ ਕਾਰਨ ਕਾਰਪੋਰੇਟ ਵਿਕਾਸ ਮਾਡਲ ਦੇ ਖਿਲਾਫ਼ ਜਨਤਕ ਵਿਰੋਧ ਧੀਮਾ ਪੈਂਦਾ ਨਜ਼ਰ ਆਇਆ ਹੈ। ਪਰ ਇਸ ਦਾ ਅਰਥ ਇਹ ਨਹੀਂ ਹੈ ਕਿ ਲੋਕ ਇਸ ਤੋਂ ਦੁਖੀ ਨਹੀਂ ਹਨ। 2008 ਵਿਚ ਵਿਸ਼ਵ ਨੂੰ ਜਿਸ ਮੰਦਵਾੜੇ ਦਾ ਸਾਹਮਣਾ ਕਰਨਾ ਪਿਆ ਸੀ,

ਉਸ ਲਈ ਵੀ ਕਾਰਪੋਰੇਟ ਵਿਕਾਸ ਮਾਡਲ ਨੂੰ ਹੀ ਜ਼ਿੰਮੇਵਾਰ ਮੰਨਿਆ ਜਾ ਰਿਹਾ ਹੈ। ਇਸ ਵਿਕਾਸ ਮਾਡਲ ਦੀ ਸਭ ਤੋਂ ਵੱਡੀ ਵਿਰੋਧਤਾਈ ਇਹ ਹੈ ਕਿ ਜੇਕਰ ਸਾਰੇ ਕੰਮ-ਕਾਜ ਵੱਡੀਆਂ ਕਾਰਪੋਰੇਸ਼ਨਾਂ ਨੇ ਆਧੁਨਿਕ ਮਹਿੰਗੀ ਤਕਨਾਲੋਜੀ ਵਰਤ ਕੇ ਘੱਟ ਤੋਂ ਘੱਟ ਮਨੁੱਖੀ ਸ਼ਕਤੀ ਲਾ ਕੇ ਕਰਨੇ ਹਨ, ਹਰ ਤਰ੍ਹਾਂ ਦਾ ਉਤਪਾਦਨ ਉਨ੍ਹਾਂ ਕਾਰਪੋਰੇਸ਼ਨਾਂ ਨੇ ਹੀ ਦੁਨੀਆ ਭਰ ਵਿਚ ਮੁਹੱਈਆ ਕਰਨਾ ਹੈ ਅਤੇ ਇਸ ਮਾਡਲ ਨੂੰ ਲਾਗੂ ਕਰਦਿਆਂ ਵੱਡੀ ਪੱਧਰ 'ਤੇ ਲੋਕਾਂ ਨੂੰ ਰੁਜ਼ਗਾਰ ਤੋਂ ਵਿਹਲੇ ਕਰ ਦੇਣਾ ਹੈ, ਤਾਂ ਇਨ੍ਹਾਂ ਲੋਕਾਂ ਦੀ ਖ਼ਰੀਦ ਸ਼ਕਤੀ ਕਿਵੇਂ ਬਣੀ ਰਹਿ ਸਕਦੀ ਹੈ? ਬੇਰੁਜ਼ਗਾਰ ਲੋਕ ਅਤੇ ਵਿਹਲੇ ਹੋਏ ਲੋਕ ਕਾਰਪੋਰੇਸ਼ਨਾਂ ਵੱਲੋਂ ਤਿਆਰ ਕੀਤੇ ਗਏ ਮਾਲ ਦੇ ਖ਼ਪਤਕਾਰ ਕਿਵੇਂ ਬਣੇ ਰਹਿ ਸਕਦੇ ਹਨ?

ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੀਆਂ ਕਾਰੋਬਾਰੀ ਕਾਰਪੋਰੇਸ਼ਨਾਂ ਨੇ ਵਧੇਰੇ ਮੁਨਾਫ਼ਾ ਕਮਾਉਣ ਲਈ ਦੁਨੀਆ ਦੇ ਵੱਖ-ਵੱਖ ਖੇਤਰਾਂ ਵਿਚ ਜਿਥੇ ਵੀ ਉਨ੍ਹਾਂ ਨੂੰ ਸਸਤੀ ਮਨੁੱਖੀ ਸ਼ਕਤੀ ਮਿਲੀ, ਉਥੇ ਆਪਣੇ ਕਾਰੋਬਾਰ ਵੀ ਫੈਲਾਏ। ਇਸ ਨਾਲ ਘੱਟ ਵਿਕਸਤ ਦੇਸ਼ਾਂ ਵਿਚ ਰੁਜ਼ਗਾਰ ਦੇ ਕੁਝ ਹੱਦ ਤੱਕ ਮੌਕੇ ਵੀ ਵਧੇ ਪਰ ਵੱਡੀ ਗਿਣਤੀ ਵਿਚ ਕਾਰਪੋਰੇਸ਼ਨਾਂ ਦੇ ਮਾਲ ਦੀ ਆਮਦ ਨਾਲ ਬੇਰੁਜ਼ਗਾਰ ਹੋਏ ਲੋਕਾਂ ਨੂੰ ਇਹ ਕਾਰੋਬਾਰ ਵਧੇਰੇ ਰੁਜ਼ਗਾਰ ਨਹੀਂ ਦੇ ਸਕੇ। ਦੂਜੇ ਪਾਸੇ ਵਿਕਸਤ ਦੇਸ਼ਾਂ ਵਿਚ ਉਥੋਂ ਦੀਆਂ ਕਾਰਪੋਰੇਸ਼ਨਾਂ ਵੱਲੋਂ ਦੂਜੇ ਦੇਸ਼ਾਂ ਵਿਚ ਜਾ ਕੇ ਵਪਾਰਕ ਅਤੇ ਸਨਅਤੀ ਅਦਾਰੇ ਖੋਲ੍ਹਣ ਅਤੇ ਆਪਣੇ ਦੇਸ਼ਾਂ ਵਿਚ ਵੀ ਵਿਕਾਸਸ਼ੀਲ ਦੇਸ਼ਾਂ ਤੋਂ ਤਕਨੀਕੀ ਅਤੇ ਗ਼ੈਰ-ਤਕਨੀਕੀ ਸਸਤੇ ਕਾਮੇ ਬੁਲਾ ਕੇ ਉਨ੍ਹਾਂ ਨੂੰ ਰੁਜ਼ਗਾਰ ਦਿੱਤੇ ਜਾਣ ਨਾਲ ਵਿਕਸਤ ਦੇਸ਼ਾਂ ਦੇ ਸਥਾਨਕ ਲੋਕਾਂ ਦੇ ਰੁਜ਼ਗਾਰ ਦੇ ਮੌਕਿਆਂ ਵਿਚ ਕਮੀ ਹੋਈ। ਇਸ ਕਾਰਨ ਉਨ੍ਹਾਂ ਦੇ ਜੀਵਨ-ਪੱਧਰ ਵਿਚ ਵੀ ਗਿਰਾਵਟ ਆਈ। ਵਿਕਸਤ ਦੇਸ਼ਾਂ ਦੇ ਲੋਕਾਂ ਵਿਚ ਕਾਰਪੋਰੇਟ ਵਿਕਾਸ ਮਾਡਲ 'ਤੇ ਆਧਾਰਿਤ ਇਨ੍ਹਾਂ ਨੀਤੀਆਂ ਵਿਰੁੱਧ ਉੱਭਰੇ ਰੋਸ ਤੇ ਬੇਚੈਨੀ ਦੇ ਸਿੱਟੇ ਵਜੋਂ ਵੱਡੀਆਂ ਰਾਜਨੀਤਕ ਉਥਲਾਂ-ਪੁਥਲਾਂ ਵੀ ਸਾਹਮਣੇ ਆਈਆਂ। ਬਰਤਾਨੀਆ ਦੇ ਯੂਰਪੀਨ ਯੂਨੀਅਨ ਵਿਚੋਂ ਬਾਹਰ ਆਉਣ ਅਤੇ ਅਮਰੀਕਾ ਵਿਚ ਡੋਨਲਡ ਟਰੰਪ ਦੀ ਜਿੱਤ ਨੂੰ ਇਸ ਸੰਦਰਭ ਵਿਚ ਹੀ ਵੇਖਿਆ ਤੇ ਸਮਝਿਆ ਜਾ ਰਿਹਾ ਹੈ।

ਪਿਛਲੇ ਦਿਨੀਂ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਬਾਕਾਇਦਾ ਇਹ ਨਾਅਰਾ ਵੀ ਦਿੱਤਾ ਹੈ, "ਬਾਏ ਅਮੈਰੀਕਨ, ਹਾਇਰ ਅਮੈਰੀਕਨ", ਇਸ ਦਾ ਅਰਥ ਹੈ ਕਿ ਅਮਰੀਕੀ ਚੀਜ਼ਾਂ ਖਰੀਦੋ ਅਤੇ ਅਮਰੀਕੀ ਲੋਕਾਂ ਨੂੰ ਹੀ ਨੌਕਰੀਆਂ ਦਿਉ। ਇਹ ਕਾਰਪੋਰੇਟ ਵਿਕਾਸ ਮਾਡਲ ਦੇ ਫੇਲ੍ਹ ਹੋਣ ਦਾ ਇਕ ਤਰ੍ਹਾਂ ਨਾਲ ਰਸਮੀ ਐਲਾਨ ਹੈ। ਕਾਰਪੋਰੇਟ ਵਿਕਾਸ ਮਾਡਲ ਦੀ ਇਕ ਜ਼ਰੂਰੀ ਸ਼ਰਤ ਇਹ ਸੀ ਕਿ ਤੁਸੀਂ ਦੇਸੀ ਤੇ ਵਿਦੇਸ਼ੀ ਪੂੰਜੀ ਵਿਚਕਾਰ ਵਿਤਕਰਾ ਨਹੀਂ ਕਰ ਸਕਦੇ। ਪਰ ਟਰੰਪ ਨੇ ਇਸ ਸਬੰਧੀ ਸ਼ਰੇਆਮ ਐਲਾਨ ਕਰ ਦਿੱਤਾ ਹੈ। ਆਪਣੀ ਚੋਣ ਮੁਹਿੰਮ ਦੌਰਾਨ ਵੀ ਉਨ੍ਹਾਂ ਨੇ ਸਪੱਸ਼ਟ ਰੂਪ ਵਿਚ ਇਸ ਤਰ੍ਹਾਂ ਦੇ ਐਲਾਨ ਕੀਤੇ ਸਨ ਕਿ ਉਹ ਅਮਰੀਕੀ ਹਿਤਾਂ ਨੂੰ ਪਹਿਲ ਦੇਣਗੇ। ਵਿਦੇਸ਼ੀਆਂ ਦੀ ਥਾਂ 'ਤੇ ਅਮਰੀਕਾ ਦੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕੀਤੇ ਜਾਣਗੇ। ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਣ ਵਾਲੇ ਲੋਕਾਂ ਦੇ ਖਿਲਾਫ਼ ਸਖ਼ਤੀ ਨਾਲ ਪੇਸ਼ ਆਇਆ ਜਾਵੇਗਾ। ਆਪਣੀਆਂ ਇਸ ਤਰ੍ਹਾਂ ਦੀਆਂ ਨੀਤੀਆਂ ਨੂੰ ਹੀ ਉਹ ਹੁਣ ਅੱਗੇ ਵਧਾ ਰਹੇ ਹਨ। ਇਸ ਦੇ ਸਿੱਟੇ ਵਜੋਂ ਅਮਰੀਕਾ ਅਤੇ ਹੋਰ ਵਿਕਸਤ ਸਨਅਤੀ ਦੇਸ਼ਾਂ ਵਿਚ ਦੁਨੀਆ ਦੇ ਹੋਰ ਦੇਸ਼ਾਂ ਤੋਂ ਉਥੇ ਆ ਕੇ ਵਸੇ ਲੋਕਾਂ ਦੇ ਖਿਲਾਫ਼ ਮਾਹੌਲ ਬਣਦਾ ਜਾ ਰਿਹਾ ਹੈ। ਦੂਜੇ ਦੇਸ਼ਾਂ ਤੋਂ ਆ ਕੇ ਰੋਟੀ-ਰੋਜ਼ੀ ਕਮਾ ਰਹੇ ਲੋਕਾਂ 'ਤੇ ਨਸਲੀ ਹਮਲੇ ਵੀ ਵਧਣ ਲੱਗੇ ਹਨ।

ਕੌਮਾਂਤਰੀ ਪੱਧਰ 'ਤੇ ਪਹਿਲਾਂ ਸਮਾਜਵਾਦੀ ਵਿਕਾਸ ਮਾਡਲ ਦੇ ਫੇਲ੍ਹ ਹੋਣ ਅਤੇ ਬਾਅਦ ਵਿਚ ਹੁਣ ਕਾਰਪੋਰੇਟ ਵਿਕਾਸ ਮਾਡਲ ਦੇ ਵੀ ਅਸਫਲ ਹੋਣ ਤੋਂ ਪਿੱਛੋਂ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਦੁਨੀਆ ਦੇ ਹਰ ਛੋਟੇ-ਵੱਡੇ ਦੇਸ਼ ਨੂੰ ਆਪਣੀਆਂ ਜ਼ਮੀਨੀ ਹਕੀਕਤਾਂ ਦੇ ਮੁਤਾਬਿਕ ਅਤੇ ਆਪੋ-ਆਪਣੇ ਲੋਕਾਂ ਦੇ ਸਭਿਆਚਾਰਾਂ ਦੇ ਮੁਤਾਬਿਕ ਆਪੋ-ਆਪਣੇ ਵਿਕਾਸ ਮਾਡਲ ਬਣਾਉਣੇ ਪੈਣਗੇ ਅਤੇ ਆਪੋ-ਆਪਣੀਆਂ ਲੋੜਾਂ ਮੁਤਾਬਿਕ ਉਨ੍ਹਾਂ ਨੂੰ ਲਾਗੂ ਕਰਨਾ ਪਵੇਗਾ। ਵੱਖ-ਵੱਖ ਖੇਤਰਾਂ ਵਿਚ ਤਕਨਾਲੋਜੀ ਵੀ ਉਹੀ ਵਰਤਣੀ ਪਵੇਗੀ, ਜਿਹੜੀ ਵੱਧ ਤੋਂ ਵੱਧ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਨ ਦੇ ਸਮਰੱਥ ਹੋਵੇ। ਅਜਿਹੀਆਂ ਮਹਿੰਗੀਆਂ ਤਕਨੀਕਾਂ ਜਿਹੜੀਆਂ ਕਿ ਵਧੇਰੇ ਤੋਂ ਵਧੇਰੇ ਲੋਕਾਂ ਨੂੰ ਬੇਰੁਜ਼ਗਾਰ ਕਰ ਦਿੰਦੀਆਂ ਹਨ, ਜੇਕਰ ਉਨ੍ਹਾਂ ਨੂੰ ਮੁਨਾਫ਼ੇ ਦੇ ਲਾਲਚ-ਵੱਸ ਵੱਡੀਆਂ ਸਰਕਾਰੀ ਤੇ ਗ਼ੈਰ-ਸਰਕਾਰੀ ਕੰਪਨੀਆਂ ਵਿਕਾਸਸ਼ੀਲ ਦੇਸ਼ਾਂ ਵਿਚ ਲਾਗੂ ਕਰਨਗੀਆਂ ਤਾਂ ਉਨ੍ਹਾਂ ਦੇ ਵੀ ਲੋਕਾਂ 'ਤੇ ਉਲਟ ਪ੍ਰਭਾਵ ਹੀ ਪੈਣਗੇ। ਭਾਰਤ ਵਰਗਾ ਦੇਸ਼ ਜਿਸ ਦੇ ਕਰੋੜਾਂ ਲੋਕ ਆਜ਼ਾਦੀ ਦੇ 70 ਸਾਲਾਂ ਤੋਂ ਬਾਅਦ ਵੀ ਗ਼ਰੀਬੀ ਅਤੇ ਬੇਰੁਜ਼ਗਾਰੀ ਦੀ ਚੱਕੀ ਵਿਚ ਪਿਸ ਰਹੇ ਹਨ ਅਤੇ ਵਿਦੇਸ਼ਾਂ ਵਿਚ ਰੁਜ਼ਗਾਰ ਅਤੇ ਬਿਹਤਰ ਜੀਵਨ ਲਈ ਧੱਕੇ ਖਾਣ ਲਈ ਮਜਬੂਰ ਹਨ, ਦੇ ਹਾਕਮਾਂ ਨੂੰ ਹੁਣ ਭਾਰਤ ਲਈ ਵੀ ਅਤੇ ਭਾਰਤ ਦੇ ਅੰਦਰ ਵੱਖ-ਵੱਖ ਰਾਜਾਂ ਨੂੰ ਵੀ ਆਪਣੇ ਮੌਲਿਕ ਵਿਕਾਸ ਮਾਡਲ ਵਿਕਸਤ ਕਰਨ ਲਈ ਅਵਸਰ ਦੇਣੇ ਪੈਣਗੇ ਅਤੇ ਅਜਿਹੇ ਵਿਕਾਸ ਮਾਡਲਾਂ ਵਿਚ ਜਿਥੇ ਲੋਕ-ਪੱਖੀ ਅਤੇ ਕੁਦਰਤ-ਪੱਖੀ ਨੀਤੀਆਂ ਨੂੰ ਤਰਜੀਹ ਦੇਣੀ ਪਵੇਗੀ, ਉਥੇ ਇਹ ਨੀਤੀਆਂ ਲੋਕਾਂ ਤੱਕ ਪਹੁੰਚਾਉਣ ਲਈ ਖੇਤਰੀ ਭਾਸ਼ਾਵਾਂ ਦਾ ਵੀ ਵਿਸ਼ੇਸ਼ ਤੌਰ 'ਤੇ ਇਸਤੇਮਾਲ ਕਰਨਾ ਪਵੇਗਾ। ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਆਦਿ 'ਤੇ ਆਧਾਰਿਤ ਸੇਵਾਵਾਂ ਲੋਕਾਂ ਨੂੰ ਉਨ੍ਹਾਂ ਦੀਆਂ ਜ਼ਬਾਨਾਂ ਵਿਚ ਹੀ ਦੇਣੀਆਂ ਪੈਣਗੀਆਂ ਅਤੇ ਅਜਿਹੇ ਮਾਡਲਾਂ ਨੂੰ ਘੜਨ ਸਮੇਂ ਵੀ ਜਿਸ ਰਵਾਇਤੀ ਸਿਆਣਪ ਦੀ ਲੋੜ ਹੈ, ਉਹ ਵੀ ਖੇਤਰੀ ਜ਼ਬਾਨਾਂ ਵਿਚ ਰਚੇ ਗਏ ਲਿਖਤੀ ਜਾਂ ਮੌਖਿਕ ਸਾਹਿਤ ਤੋਂ ਹੀ ਪ੍ਰਾਪਤ ਹੋਵੇਗੀ।

ਜਿਸ ਤਰ੍ਹਾਂ ਕਿ ਪਿਛਲੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕਹਿੰਦੇ ਸਨ ਕਿ ਉਹ ਸਾਰਿਆਂ ਦਾ ਵਿਕਾਸ ਚਾਹੁੰਦੇ ਹਨ ਅਤੇ ਹੁਣ ਦੇ ਪ੍ਰਧਾਨ ਮੰਤਰੀ ਵੀ ਇਸ ਨਾਅਰੇ ਨਾਲ ਹੀ ਸੱਤਾ ਵਿਚ ਆਏ ਹਨ ਕਿ 'ਉਹ ਸਭ ਕਾ ਸਾਥ ਅਤੇ ਸਭ ਕਾ ਵਿਕਾਸ' ਚਾਹੁੰਦੇ ਹਨ, ਜੇ ਇਸ ਸਬੰਧੀ ਹਾਕਮ ਗੰਭੀਰ ਹਨ ਤਾਂ ਅਜਿਹਾ ਵਿਕਾਸ ਲੋਕਾਂ ਦੀਆਂ ਖੇਤਰੀ ਜ਼ਬਾਨ ਦੀ ਵਰਤੋਂ ਤੋਂ ਬਿਨਾਂ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਹੋ ਸਕਦਾ। ਦੁਨੀਆ ਦੇ ਕਿਸੇ ਵੀ ਦੇਸ਼ ਨੇ ਕਿਸੇ ਵਿਦੇਸ਼ੀ ਭਾਸ਼ਾ ਨੂੰ ਅਪਣਾ ਕੇ ਤਰੱਕੀ ਨਹੀਂ ਕੀਤੀ। ਚੀਨ, ਜਾਪਾਨ, ਫਰਾਂਸ ਅਤੇ ਅਨੇਕਾਂ ਯੂਰਪੀ ਦੇਸ਼ ਇਸ ਦੀ ਮਿਸਾਲ ਹਨ। ਦੁਨੀਆ ਦੇ ਛੋਟੇ ਤੋਂ ਛੋਟੇ ਦੇਸ਼ ਡਾਕਟਰ, ਵਕੀਲ, ਇੰਜੀਨੀਅਰ ਤੇ ਸਾਇੰਸਦਾਨ ਆਪਣੀਆਂ ਜ਼ਬਾਨਾਂ ਵਿਚ ਬਣਾ ਰਹੇ ਹਨ। ਵਿਦੇਸ਼ੀ ਭਾਸ਼ਾਵਾਂ ਦੀ ਪੜ੍ਹਾਈ ਉਹ ਸਿਰਫ਼ ਦੂਜੇ ਦੇਸ਼ਾਂ ਦੀਆਂ ਸਰਕਾਰਾਂ ਤੇ ਲੋਕਾਂ ਨਾਲ ਲੈਣ-ਦੇਣ ਕਰਨ ਲਈ ਹੀ ਕਰ ਰਹੇ ਹਨ। ਉਨ੍ਹਾਂ ਨੇ ਆਪਣੇ ਸਿੱਖਿਆ, ਪ੍ਰਸ਼ਾਸਨ ਤੇ ਨਿਆਂ ਵਰਗੇ ਖੇਤਰ, ਭਾਰਤ ਤੇ ਦੱਖਣੀ ਏਸ਼ੀਆ ਦੇ ਕਈ ਹੋਰ ਦੇਸ਼ਾਂ ਦੀ ਤਰ੍ਹਾਂ ਵਿਦੇਸ਼ੀ ਭਾਸ਼ਾਵਾਂ ਦੇ ਲੜ ਨਹੀਂ ਬੰਨ੍ਹੇ ਹੋਏ। ਉਹ ਲੋਕ ਆਪਣੇ ਲੋਕਾਂ ਦੇ ਭਾਸ਼ਾਈ ਅਧਿਕਾਰਾਂ ਦਾ ਸਨਮਾਨ ਕਰਦੇ ਹਨ। ਇਸੇ ਲਈ ਉਹ ਤੇਜ਼ੀ ਨਾਲ ਵਿਕਾਸ ਕਰ ਰਹੇ ਹਨ। ਭਾਰਤ ਵਿਚ ਵੀ ਇਕੱਲੀ ਅੰਗਰੇਜ਼ੀ ਜਾਂ ਹਿੰਦੀ ਸਰਕਾਰਾਂ ਅਤੇ ਲੋਕਾਂ ਦਰਮਿਆਨ ਸੰਵਾਦ ਦਾ ਮਾਧਿਅਮ ਨਹੀਂ ਬਣ ਸਕਦੀ। ਸਰਕਾਰਾਂ ਅਤੇ ਲੋਕਾਂ ਦਰਮਿਆਨ ਜੇਕਰ ਸੰਵਾਦ ਨਹੀਂ ਬਣਦਾ ਤਾਂ ਲੋਕਾਂ ਦਾ ਸਮੂਹਿਕ ਤੇ ਸੰਤੁਲਿਤ ਵਿਕਾਸ ਸੰਭਵ ਹੀ ਨਹੀਂ ਹੋ ਸਕਦਾ। ਇਸ ਸੰਦਰਭ ਵਿਚ ਹੀ ਕੌਮਾਂਤਰੀ ਮਾਂ-ਬੋਲੀ ਦਿਵਸ ਸਬੰਧੀ ਭਾਰਤ ਅਤੇ ਦੁਨੀਆ ਦੇ ਹੋਰ ਦੇਸ਼ਾਂ ਦੇ ਲੋਕਾਂ ਵਿਚ ਵਧ ਰਹੀ ਦਿਲਚਸਪੀ ਅਤੇ ਉਤਸ਼ਾਹ ਨੂੰ ਦੇਖਿਆ ਤੇ ਸਮਝਿਆ ਜਾ ਸਕਦਾ ਹੈ।

# ਸਮੇਂ ਦੀ ਪੁਕਾਰ

ਡਾ. ਭਗਵਾਨ ਸਿੰਘ ਬਹੁਤ ਹੀ ਪਿਆਰਾ ਦੋਸਤ। ਉਸ ਨੂੰ ਮਿਲ ਕੇ ਇਸ ਤਰ੍ਹਾਂ ਲੱਗਦਾ ਜਿਵੇਂ ਜਿਸਮ ਦੀ ਓਵਰਹਾਲਿੰਗ ਹੋ ਗਈ ਹੋਵੇ। ਹਮੇਸ਼ਾ ਉਸ ਨੇ ਵਧੀਆ ਜੀਵਨ ਵਾਸਤੇ ਚੰਗੇ ਗੁਰ ਦੱਸਣੇ ਪਰ ਉਸ ਵਿਚ ਇਕ ਨੁਕਸ ਸੀ - ਸਵੇਰ ਤੋਂ ਲੈ ਕੇ ਕੰਮ ਹੀ ਕੰਮ। ਮੈਂ ਬਥੇਰਾ ਸਮਝਾਉਂਦਾ ਕਿ ਜਿਸਮ ਵੀ ਇਕ ਮਸ਼ੀਨ ਹੈ। ਇਸ ਨੂੰ ਵੀ ਆਰਾਮ ਚਾਹੀਦਾ, ਉਸ ਦੀ ਘਰਵਾਲੀ ਨੇ ਵੀ ਵੇਲਣੇ ਦਾ ਉਪਯੋਗ ਕੀਤਾ - ਕੋਈ ਅਸਰ ਨਹੀਂ। ਨਤੀਜਾ - ਜੋ ਹੋਣਾ ਸੀ ਹੋ ਗਿਆ। ਇਕ ਦਿਨ ਦਿਲ ਦਾ ਦੌਰਾ ਪਿਆ। ਨਜ਼ਦੀਕ ਹਸਪਤਾਲ ਹੋਣ ਕਰਕੇ ਬਚ ਗਿਆ। ਟੈਲੀਫ਼ੋਨ ਕਰਨ ਤੇ ਪਤਾ ਚੱਲਿਆ ਕਿ ਦੋਸਤ ਜੀ ਠੀਕ ਹਨ, ਬਾਹਰ ਗਏ ਹੋਏ ਹਨ। ਦੋ ਕੁ ਮਹੀਨਿਆਂ ਬਾਅਦ ਮਿਲ ਕੇ ਜੱਫੀਆਂ ਪਾਈਆਂ। ਭਗਵਾਨ ਸਿੰਘ ਬਹੁਤ ਹੀ ਬਦਲਿਆ ਜਾਪਿਆ, ਚਿਹਰੇ ਤੇ ਟੱਪਕਦਾ ਨੂਰ, ਫੁਰਤੀਲਾ/ਨਵਾਂ ਨਰੋਇਆ ਜਿਸਮ। ਪੁੱਛਣ ਤੇ ਇਹ ਚਮਤਕਾਰ ਕਿੱਦਾਂ ਹੋਇਆ ਉਸ ਨੇ ਆਪਣੀ ਰਾਮ ਕਹਾਣੀ ਸੁਣਾਈ।

ਬਾਈ ਜੀ ਤੁਸੀਂ ਠੀਕ ਹੀ ਸਲਾਹਾਂ ਦਿੰਦੇ ਰਹੇ। ਦਿਲ ਦੇ ਦੌਰੇ ਨੇ ਦਿਮਾਗ਼ ਠੀਕ ਕਰਤਾ। ਇਸ ਬਿਮਾਰੀ ਤੋਂ ਉਪਰੰਤ ਸੋਚ ਆਈ ਕਿ ਇਹ ਜਿਸਮ ਅਨਮੋਲ ਹੈ ਇਸ ਨੂੰ ਸੰਭਾਲਣ ਵਿਚ ਸਮਝਦਾਰੀ ਹੈ। ਡਾਕਟਰਾਂ ਦੀ ਸਲਾਹ ਅਨੁਸਾਰ ਮੈਂ ਹਿਮਾਲਿਆ ਪਹਾੜਾਂ ਵਿਚ ਚਲਾ ਗਿਆ ਉੱਥੇ ਇਕ ਬਹੁਤ ਹੀ ਸਮਝਦਾਰ ਰਿਸ਼ੀ ਨਾਲ ਮੁਲਾਕਾਤ ਹੋ ਗਈ। ਉਸ ਤੋਂ ਕੁਝ ਸਬਕ ਸਿੱਖੇ -

1. **ਅਨਮੋਲ ਜਿਸਮ** - ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸਦਕਾ ਆਪਾਂ ਨੂੰ ਮਿਥਿਹਾਸਿਕ 84 ਲੱਖ ਜੂਨੀਆਂ ਵਿਚੋਂ ਸਭ ਤੋਂ ਵਧੀਆ ਜੂਨੀ ਮਿਲੀ ਹੈ, ਇਸ ਨੂੰ ਸੰਭਾਲਣ ਵਾਸਤੇ ਚੰਗੀਆਂ ਆਦਤਾਂ ਪਾਓ। ਸਵੱਛ ਹਵਾ ਵਿਚ ਰਹਿਣਾ, ਸਵੇਰੇ-ਸ਼ਾਮ ਸੈਰ ਕਰਨੀ, ਸਬਜ਼ੀਆਂ, ਫਲ ਭਰਪੂਰ ਖਾਣਾ, ਡਾਕਟਰਾਂ ਅਨੁਸਾਰ 8-10 ਘੰਟੇ ਰਾਤ ਨੂੰ ਸੌਣਾ, ਯੋਗ ਅਭਿਆਸ ਕਰਨਾ। ਇਹ ਸਭ ਕੰਮਾਂ ਦਾ ਵਕਤ ਬੰਨ੍ਹਿਆ ਜਾਵੇ। ਪ੍ਰਮਾਤਮਾ ਨੇ ਵਧੀਆ ਜਿਸਮ ਦਿੱਤਾ ਹੈ ਜਿਸ ਤਰ੍ਹਾਂ ਤੁਸੀਂ ਚਾਹੋਗੇ ਉਸੇ ਤਰ੍ਹਾਂ ਹੀ ਢਲ ਜਾਂਦਾ ਹੈ।

2. **ਸਾਰੀਆਂ ਬਿਮਾਰੀਆਂ ਦਾ ਇਲਾਜ** - ਸੰਤੁਸ਼ਟਤਾ ਵਾਧੂ ਪੈਸਿਆਂ ਤੋਂ ਬਚੋ। ਸਿਆਣੇ ਕਹਿੰਦੇ ਨੇ ਕਿ ਰੈਟ-ਰੇਸ ਵਿਚ ਤੁਸੀਂ ਜਿੱਤ ਵੀ ਜਾਓ ਤਾਂ ਫਿਰ ਵੀ ਰੈਟ ਦੇ ਰੇਟ ਹੀ ਰਹੇ।

3. **ਸੁਨਹਿਰੀ ਅਸੂਲ ਹੱਕ** - ਹਲਾਲ ਦੀ ਕਮਾਈ ਕਰਨੀ, ਲੋੜਵੰਦ, ਗਰੀਬਾਂ ਦੀ ਵਕਤ ਸਿਰ ਮਦਦ ਕਰਨੀ, ਸਰਦਾ ਪੁੰਨ ਦਾਨ ਕਰਨਾ, ਪ੍ਰਮਾਤਮਾ ਦੀ ਮਿਹਰ ਦੇ ਸ਼ੁਕਰਗੁਜ਼ਾਰ ਹੁੰਦੇ ਹੋਏ ਉਸ ਦਾ ਨਾਮ ਲੈਣਾ, ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਦੇ ਸੁਨਹਿਰੀ ਅਸੂਲ ਹਨ ਜੋ ਸਭ ਨੂੰ ਅਪਨਾਉਣੇ ਚਾਹੀਦੇ।

4. **ਪਿਆਰ** - ਇਕ ਅਨਮੋਲ ਦੌਲਤ ਹੈ, ਜਿਤਨਾ ਜ਼ਿਆਦਾ ਵਰਤੋ ਉਤਨਾ ਹੀ ਵਧਦੀ ਹੈ, ਨਾ ਕੋਈ ਇਸ ਤੇ ਮੁੱਲ ਲੱਗਦਾ, ਆਂਢੀਆਂ-ਗੁਆਂਢੀਆਂ, ਰਿਸ਼ਤੇਦਾਰਾਂ, ਦੋਸਤਾਂ ਜੋ ਨਵੇਂ ਇਨਸਾਨ ਇਸ ਸੁਹਾਣੇ ਸਫ਼ਰ ਵਿਚ ਮਿਲਦੇ ਹਨ ਸਭ ਨੂੰ ਰੱਜ ਕੇ ਪਿਆਰ ਕਰੋ। ਇਸ ਵਿਸ਼ੇ ਤੇ ਬਾਣੀ ਵੀ ਬੋਲਦੀ ਹੈ -

**ਕਹਾ ਭਯੋ ਜੋ ਦੋਊ ਲੋਚਨ ਮੂੰਦ ਕੇ ਬੈਠ ਰਹਿਓ ਬਕ ਧਿਆਨ ਲਗਾਇਓ**
**ਨ੍ਹਾਤ ਫਿਰਿਓ ਲੀਓ ਸਾਤ ਸਮੁੰਦ੍ਰਨ ਲੋਕ ਗਯੋ ਪ੍ਰਲੋਕ ਗਵਾਇਓ**
**ਬਾਸ ਕੀਓ ਬਿਖਿਆਨ ਸੋ ਬੈਠ ਕੇ ਐਸੇ ਹੀ ਐਸੇ ਸੁ ਬਾਸ ਬਿਤਾਇਓ**
**ਸਾਚ ਕਹੋ ਸੁਨ ਲੇਹੁ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।**

5. **ਸਾਂਝਾ ਕੰਮ** - ਸਾਰੀ ਉਮਰ ਆਪਣਾ ਢਿੱਡ ਹੀ ਭਰਦੇ ਰਹਿਣਾ ਸਮਝਦਾਰੀ ਨਹੀਂ। ਸਾਂਝੇ ਕੰਮਾਂ ਵਿਚ ਹਿੱਸਾ ਪਾਓ। ਆਪਾਂ ਦੇਖ ਹੀ ਰਹੇ ਹਾਂ ਕਿ ਜਿਸ ਹਿਸਾਬ ਨਾਲ ਟ੍ਰੈਫਿਕ/ਪ੍ਰਦੂਸ਼ਿਤ ਹਵਾ ਵਧ ਰਹੀ ਹੈ-ਸਮੇਂ ਦੀ ਪੁਕਾਰ ਅਨੁਸਾਰ ਦਰੱਖ਼ਤ ਲਗਾਓ, ਪਾਣੀ, ਬਿਜਲੀ, ਤੇਲ ਆਦਿ ਨੂੰ ਸੰਜਮ ਨਾਲ ਵਰਤੋਂ। ਬਿਜਲੀ ਬਾਰੇ ਤਾਂ ਕੋਈ ਬਾਹਰਲੇ ਸਾਇੰਸਦਾਨ ਨੇ ਖੋਜ ਕੀਤੀ ਹੈ ਕਿ ਵਾਧੂ ਬਿਜਲੀ ਜਲਾਉਣ ਨਾਲ ਕੈਂਸਰ ਦੀ ਨਾ-ਮੁਰਾਦ ਬਿਮਾਰੀ ਹੁੰਦੀ ਹੈ। ਇਸ ਵਾਸਤੇ ਜ਼ਰੂਰੀ ਹੈ ਕਿ ਬਿਜਲੀ ਜ਼ਰੂਰਤ ਅਨੁਸਾਰ ਹੀ ਵਰਤੀ ਜਾਵੇ।

ਹਰ ਇਕ ਦੀ ਜਨਮ-ਭੂਮੀ ਉਸ ਦੀ ਜ਼ਿੰਦਗੀ ਵਿਚ ਬਹੁਤ ਪਵਿੱਤਰ ਹੁੰਦੀ ਹੈ। ਪਹਿਲੇ ਛੇ ਸਾਲਾਂ ਦੀਆਂ ਯਾਦਾਂ ਦੁਹਰਾਉਣ ਤੇ ਕਿੰਨਾ ਚੰਗਾ ਲੱਗਦਾ। ਆਪਣੇ ਪਿੰਡ ਦੇ ਸੁਧਾਰ ਹਿੱਤ ਸਭ ਨੂੰ ਕੁਝ ਕਰਨਾ ਚਾਹੀਦਾ।

